6-AUG-PAGE-1.qxd 8/5/2023 10:15 PM Page 1

ਐਤਵਾਰ, 6 ਅਗਸਤ, 2023
22 ਸਾਉਣ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 66

ਨਵਾਂ ਜ਼ਮਾਨਾ

DAILY NAWAN ZAMANA • SUNDAY, 6 AUGUST, 2023

ਜਲੰਧਰ

nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 8+6=14

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਇਮਰਾਨ ਗ੍ਰਿਫ਼ਤਾਰ, ਤੋਸ਼ਾਖਾਨਾ ਮਾਮਲੇ ’ਚ 3 ਸਾਲ ਦੀ ਸਜ਼ਾ

ਇਸਲਾਮਾਬਾਦ : ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਤੋਸ਼ਾਖਾਨਾ ਮਾਮਲੇ ’ਚ ਦੋਸ਼ੀ ਠਹਿਰਾਇਆ ਗਿਆ ਹੇ। ਇਸਲਾਬਾਮਾਦ ਦੀ ਜ਼ਿਲ੍ਹਾ ਅਤੇ ਸੈਸ਼ਨ ਅਦਾਲਤ ਨੇ ਇਮਰਾਨ ਖਾਨ ਨੂੰ ਤਿੰਨ ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ ਹੈ। ਇਸ ਸਜ਼ਾ ਖਿਲਾਫ਼ ਇਮਰਾਨ ਕੋਲ ਉਪਰਲੀ ਅਦਾਲਤ ’ਚ ਜਾਣ ਦਾ ਮੌਕਾ ਹੈ। ਤੋਸ਼ਾਖਾਨਾ ਮਾਮਲੇ ’ਚ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਟਰਾਇਲ ਕੋਰਟ ਦੇ ਜੱਜ ਨੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਖਿਲਾਫ਼ ਗ੍ਰਿਫ਼ਤਾਰੀ ਵਾਰੰਟ ਜਾਰੀ ਕਰ ਦਿੱਤੇ। ਇਸ ਆਦੇਸ਼ ਤੋਂ ਬਾਅਦ ਇਮਰਾਨ ਨੂੰ ਲਾਹੌਰ ਦੇ ਜਮਾਨ ਪਾਰਕ ਵਾਲੇ ਘਰ ਤੋਂ ਗ੍ਰਿਫਤਾਰ ਕਰ ਲਿਆ ਗਿਆ। ਤਿੰਨ ਸਾਲ ਦੀ ਸਜ਼ਾ ਹੋਣ ਤੋਂ ਬਾਅਦ ਇਮਰਾਨ 5 ਸਾਲ ਤੱਕ ਚੋਣ ਲੜਨ ਦੇ ਆਯੋਗ ਵੀ ਹੋ ਗਏ। ਤੋਸ਼ਾਖਾਨਾ ਫਾਰਸੀ ਦਾ ਸ਼ਬਦ ਹੈ, ਇਸ ਦਾ ਮਤਲਬ ਇੱਕ ਇਸ ਤਰ੍ਹਾਂ ਦੇ ਕਮਰੇ ਤੋਂ ਹੁੰਦਾ ਹੈ, ਜਿੱਥੇ ਸ਼ਾਸ਼ਨ ਦਾ ਖ਼ਜ਼ਾਨਾ ਜਾਂ ਸ਼ਹਿਨਸ਼ਾਹ ਨੂੰ ਮਿਲਣ ਵਾਲੇ ਤੋਹਫਿਆਂ ਨੂੰ ਰੱਖਿਆ ਜਾਂਦਾ ਹੈ। ਪਾਕਿਸਤਾਨ ’ਚ ਤੋਸ਼ਾਖਾਨਾ ਦੀ ਸਥਾਪਨਾ 1974 ’ਚ ਕੀਤੀ ਗਈ ਸੀ।

ਜ਼ਿਕਰਯੋਗ ਹੈ ਕਿ ਇਮਰਾਨ ’ਤੇ ਦੋਸ਼ ਸਨ ਕਿ ਉਨ੍ਹਾ ਪ੍ਰਧਾਨ ਮੰਤਰੀ ਦੇ ਅਹੁਦੇ ’ਤੇ ਰਹਿੰਦੇ ਹੋਏ ਜੋ ਤੋਹਫ਼ੇ ਮਿਲੇ ਸਨ, ਉਹ ਸਰਕਾਰੀ ਖਜ਼ਾਨੇ ’ਚ ਰੱਖਣ ਦੀ ਬਜਾਏ ਮਹਿੰਗੀ ਕੀਮਤਾਂ ’ਤੇ ਵੇਚੇ ਅਤੇ ਨਿੱਜੀ ਤੌਰ ’ਤੇ ਇਸਤੇਮਾਲ ਕੀਤਾ। ਇਹ ਕੇਸ ਲੰਮੇ ਸਮੇਂ ਤੋਂ ਚੱਲ ਰਿਹਾ ਸੀ। ਕੋਰਟ ਨੇ ਇਮਰਾਨ ’ਤੇ ਇੱਕ ਲੱਖ ਰੁਪਏ ਦਾ ਜੁਰਮਾਨਾ ਵੀ ਲਾਇਆ ਹੈ।

ਪਾਕਿਸਤਾਨ ਦੇ ਚੋਣ ਕਮਿਸ਼ਨ ਨੇ ਇਮਰਾਨ ਖਿਲਾਫ਼ ਸ਼ਿਕਾਇਤ ਕੀਤੀ ਸੀ। ਸ਼ਨੀਵਾਰ ਨੂੰ ਸੁਣਵਾਈ ਦੌਰਾਨ ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨ ਜੱਜ ਦਿਲਾਵਰ ਨੇ ਕਿਹਾ ਕਿ ਇਮਰਾਨ ’ਤੇ ਲੱਗੇ ਦੋਸ਼ ਸਹੀ ਪਾਏ ਗਏ ਹਨ। ਜੱਜ ਨੇ ਕਿਹਾ ਕਿ ਇਮਰਾਨ ਖਾਨ ਨੇ ਚੋਣ ਕਮਿਸ਼ਨ ਨੂੰ ਗਲਤ ਜਾਣਕਾਰੀਆਂ ਦਿੱਤੀਆ ਸਨ। ਉਹ ਭ੍ਰਿਸ਼ਟਾਚਾਰ ਦੇ ਦੋਸ਼ੀ ਹਨ। ਇਸ ਤੋਂ ਬਾਅਦ ਪਾਕਿਸਤਾਨ ਦੇ ਚੋਣ ਕਮਿਸ਼ਨ ਨੇ ਐਕਟ ਦੇ ਸੈਕਸ਼ਨ 174 ਦੇ ਤਹਿਤ ਉਨ੍ਹਾ ਨੂੰ ਤਿੰਨ ਸਾਲ ਦੀ ਸਜ਼ਾ ਸੁਣਾਈ। ਅਸਲ ’ਚ ਇਮਰਾਨ ਨੂੰ ਆਪਣੇ ਕਾਰਜਕਾਲ ਦੌਰਾਨ ਬਹੁਤ ਸਾਰੇ ਤੋਹਫ਼ੇ ਮਿਲੇ ਸਨ। ਉਥੇ ਹੀ ਇਮਰਾਨ ਨੇ ਚੋਣ ਕਮਿਸ਼ਨ ਨੂੰ ਜਾਣਕਾਰੀ ਦਿੱਤੀ ਸੀ ਕਿ ਉਨ੍ਹਾ ਸਾਰੇ ਤੋਹਫੇ 2.15 ਕਰੋੜ ਰੁਪਏ ’ਚ ਖਰੀਦ ਲਏ ਸਨ ਅਤੇ ਵੇਚਣ ’ਤੇ ਉਨ੍ਹਾ ਨੂੰ 5.8 ਕਰੋੜ ਰੁਪਏ ਮਿਲੇ। ਬਾਅਦ ’ਚ ਪਤਾ ਚੱਲਿਆ ਕਿ ਉਨ੍ਹਾ ਇਸ ਤੋਂ 20 ਕਰੋੜ ਰੁਪਏ ਕਮਾਏ। ਬਾਅਦ ’ਚ ਇੱਕ ਵਿਅਕਤੀ ਨੇ ਜਾਣਕਾਰੀ ਮੰਗੀ ਕਿ ਦੂਜੇ ਤੋਹਫਿਆਂ ਬਾਰੇ ਵੀ ਇਮਰਾਨ ਜਾਣਕਾਰੀ ਦੇਣ, ਪਰ ਉਨ੍ਹਾ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਉਸ ਵਿਅਕਤੀ ਨੇ ਇਸਲਾਮਾਬਾਦ ਹਾਈ ਕੋਰਟ ’ਚ ਪਟੀਸ਼ਨ ਦਾਖ਼ਲ ਕਰ ਦਿੱਤੀ। ਬਾਅਦ ’ਚ ਕੋਰਟ ਨੇ ਇਮਰਾਨ ਦੇ ਵਕੀਲ ਨੂੰ ਕਿਹਾ ਕਿ ਇਨ੍ਹਾਂ ਤੋਹਫਿਆਂ ਦੀ ਜਾਣਕਾਰੀ ਦੇਣ ਨਾਲ ਦੇਸ਼ ਨੂੰ ਖ਼ਤਰਾ ਹੋ ਸਕਦਾ ਹੈ। ਇਹ ਦੂਜੇ ਦੇਸ਼ਾਂ ਨਾਲ ਰਿਸ਼ਤੇ ਖਰਾਬ ਕਰਨ ਵਾਲੀ ਗੱਲ ਹੈ।

ਇਮਰਾਨ ’ਤੇ 2018 ਤੋਂ 2022 ਦੌਰਾਨ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਦੁਰਵਰਤੋਂ ਕਰਕੇ ਸਰਕਾਰੀ ਗਿਫ਼ਟਾਂ ਨੂੰ ਖਰੀਦਣ ਅਤੇ ਵੇਚਣ ਲਈ ਆਪਣੀ ਸ਼ਕਤੀ ਦਾ ਇਸਤੇਮਾਲ ਕਰਨ ਦਾ ਦੋਸ਼ ਲੱਗਾ ਸੀ। ਇਹ ਤੋਹਫ਼ੇ ਇਮਰਾਨ ਖਾਨ ਨੂੰ ਵਿਦੇਸ਼ ਯਾਤਰਾਵਾਂ ਦੌਰਾਨ ਮਿਲੇ ਸਨ, ਜਿਨ੍ਹਾਂ ਦੀ ਕੀਮਤ 140 ਮਿਲੀਅਨ (6,35,000 ਡਾਲਰ) ਤੋਂ ਵੱਧ ਸੀ। ਇਸ ਤੋਂ ਬਾਅਦ ਟਰਾਇਲ ਕੋਰਟ ਨੇ ਸੁਣਵਾਈ ਤੋਂ ਬਾਅਦ ਇਮਰਾਨ ਨੂੰ ਜਾਇਦਾਦ ਛੁਪਾਉਣ ਅਤੇ ਸਰਕਾਰੀ ਤੋਹਫਿਆਂ ਨੂੰ ਵੇਚਣ ਦੇ ਮਾਮਲੇ ’ਚ ਦੋਸ਼ੀ ਮੰਨਿਆ। ਹਾਲਾਂਕਿ ਇਮਰਾਨ ਦੇ ਵਕੀਲਾਂ ਨੇ ਟਰਾਇਲ ਕੋਰਟ ਦੇ ਜਸਟਿਸ ਦਿਲਾਵਰ ਹਿਮਾਂਯੂੰ ’ਤੇ ਪੱਖਪਾਤ ਦਾ ਦੋਸ਼ ਲਾਇਆ ਸੀ। ਇਸ ਦੌਰਾਨ ਪਾਕਿਸਤਾਨ ’ਚ ਇੱਕ ਵਾਰ ਫਿਰ ਉਭਾਲ ਵਧਣ ਦਾ ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਵੀ ਬੀਤੀ 9 ਮਾਰਚ ਨੂੰ ਇਮਰਾਨ ਨੂੰ ਭ੍ਰਿਸ਼ਟਾਚਾਰ ਦੇ ਇਕ ਮਾਮਲੇ ’ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਦੋਂ ਪੂਰੇ ਪਾਕਿਸਤਾਨ ’ਚ ਇਮਰਾਨ ਦੇ ਸਮਰਥਕਾਂ ਨੇ ਜ਼ਬਰਦਸਤ ਵਿਰੋਧ ਪ੍ਰਗਟਾਇਆ ਸੀ।

ਤੁਸੀਂ ਘਰਾਂ ’ਚ ਚੁੱਪ ਨਹੀਂ ਬੈਠਣਾ...

ਗ੍ਰਿਫ਼ਤਾਰੀ ਤੋਂ ਪਹਿਲਾ ਇਮਰਾਨ ਖਾਨ ਨੇ ਇੱਕ ਵੀਡੀਓ ਸ਼ੇਅਰ ਕਰਕੇ ਕਿਹਾ ਕਿ ਉਨ੍ਹਾ ਨੂੰ ਇਸ ਗ੍ਰਿਫ਼ਤਾਰੀ ਦਾ ਅੰਦਾਜ਼ਾ ਪਹਿਲਾਂ ਤੋਂ ਹੀ ਸੀ। ਉਨ੍ਹਾ ਕਿਹਾ, ‘ਮੇਰੇ ਪਾਕਿਸਤਾਨੀਓ ਜਦ ਤੱਕ ਇਹ ਵੀਡੀਓ ਤੁਹਾਡੇ ਤੱਕ ਪਹੁੰਚੇਗਾ, ਉਹ ਲੋਕ ਮੈਨੂੰ ਗ੍ਰਿਫ਼ਤਾਰ ਕਰ ਚੁੱਕੇ ਹੋਣਗੇ। ਮੇਰੀ ਤੁਹਾਨੂੰ ਸਿਰਫ਼ ਇੱਕ ਹੀ ਅਪੀਲ ਹੈ ਕਿ ਤੁਸੀਂ ਘਰਾਂ ’ਚ ਚੁੱਪ-ਚਾਪ ਨਹੀਂ ਬੈਠਣਾ। ਮੈਂ ਇਹ ਜੱਦੋ-ਜਹਿਦ ਆਪਣੀ ਜਾਤ ਲਈ ਨਹੀਂ ਕਰ ਰਿਹਾ, ਇਹ ਮੈਂ ਆਪਣੀ ਕੌਮ ਲਈ ਕਰ ਰਿਹਾ ਹਾਂ, ਤੁਹਾਡੇ ਲਈ ਕਰ ਰਿਹਾ ਹਾਂ। ਤੁਹਾਡੇ ਬੱਚਿਆਂ ਦੇ ਭਵਿੱਖ ਲਈ ਕਰ ਰਿਹਾ ਹਾਂ।’ ਵੀਡੀਓ ਸੰਦੇਸ਼ ’ਚ ਇਮਰਾਨ ਨੇ ਕਿਹਾ, ‘ਜੇਕਰ ਤੁਸੀਂ ਆਪਣੇ ਹੱਕਾਂ ਲਈ ਖੜੇ ਨਾ ਹੋਏ ਤਾਂ ਗੁਲਾਮਾਂ ਦੀ ਜ਼ਿੰਦਗੀ ਗੁਜ਼ਾਰੋਗੇ ਅਤੇ ਗੁਲਾਮਾਂ ਦੀ ਕੋਈ ਜ਼ਿੰਦਗੀ ਨਹੀਂ ਹੁੰਦੀ। ਗੁਲਾਮ ਇਸ ਤਰ੍ਹਾਂ ਹੁੰਦੇ ਹਨ, ਜਿਸ ਤਰ੍ਹਾਂ ਕੀੜੀਆਂ ਜ਼ਮੀਨ ’ਤੇ ਹੁੰਦੀਆਂ ਹਨ।’ ਉਨ੍ਹਾ ਕਿਹਾ ਕਿ ਯਾਦ ਰੱਖੋ ਕਿ ਕੋਈ ਵੀ ਆਜ਼ਾਦੀ ਪਲੇਟ ’ਚ ਰੱਖ ਕੇ ਨਹੀਂ ਦਿੱਤੀ ਜਾਂਦੀ, ਜੰਜ਼ੀਰਾਂ ਨੂੰ ਤੋੜਨਾ ਪੈਂਦਾ ਹੈ।

8.5 ਕਰੋੜ ਦੀ ਘੜੀ 1.7 ਕਰੋੜ ’ਚ ਖਰੀਦੀ

-ਇਮਰਾਨ ਖਾਨ ਨੂੰ ਮਿਲੇ ਸਭ ਤੋਂ ਮਹਿੰਗੇ ਤੋਹਫਿਆਂ ’ਚ ਰੋਲੇਕਸ ਦੀ ਇੱਕ ਗੋਲਡਨ ਘੜੀ ਸੀ। ਇਸ ਦੀ ਕੀਮਤ 8 ਕਰੋੜ 50 ਲੱਖ ਰੁਪਏ ਦੱਸੀ ਗਈ ਸੀ। ਇਸ ਘੜੀ ਨੂੰ ਸਾਊਦੀ ਕਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਅਲ ਸਾਊਦ ਨੇ 18 ਸਤੰਬਰ 2018 ਨੂੰ ਇਮਰਾਨ ਖਾਨ ਨੂੰ ਦਿੱਤਾ ਸੀ। ਇਮਰਾਨ ਨੇ ਇਸ ਘੜੀ ਨੂੰ ਲੈਣ ਲਈ ਪਾਕਿਸਤਾਨੀ ਤੋਸ਼ਾਖਾਨਾ ’ਚ ਸਿਰਫ਼ 1 ਕਰੋੜ 70 ਲੱਖ ਰੁਪਏ ਹੀ ਜਮ੍ਹਾਂ ਕਰਵਾਏ। ਇਹ ਕਿਸੇ ਪਾਕਿਸਤਾਨੀ ਪ੍ਰਧਾਨ ਮੰਤਰੀ ਨੂੰ ਦਿੱਤਾ ਗਿਆ ਹੁਣ ਤੱਕ ਦਾ ਸਭ ਤੋਂ ਮਹਿੰਗਾ ਵਿਦੇਸ਼ੀ ਤੋਹਫ਼ਾ ਸੀ। ਇਸ ਤੋਂ ਇਲਾਵਾ ਇਹ ਕਿਸੇ ਪ੍ਰਧਾਨ ਮੰਤਰੀ ਵੱਲੋਂ ਖੁਦ ਲਈ ਇਸਤੇਮਾਲ ਕੀਤੇ ਜਾਣ ਵਾਲਾ ਵੀ ਸਭ ਤੋਂ ਮਹਿੰਗਾ ਤੋਹਫ਼ਾ ਹੈ। ਇਸ ਘੜੀ ਨੂੰ ਇਮਰਾਨ ਨੇ ਬਾਅਦ ’ਚ 5 ਕਰੋੜ ਰੁਪਏ ’ਚ ਕਿਸੇ ਨੂੰ ਵੇਚ ਦਿੱਤਾ ਸੀ।

ਪੰਜਾਬ ਖੇਤ ਮਜ਼ਦੂਰ ਸਭਾ ਦੀ ਦੋ ਰੋਜ਼ਾ ਸੂਬਾਈ ਕਾਨਫਰੰਸ 4-5 ਅਕਤੂਬਰ ਨੂੰ

- ਸੀ ਪੀ ਆਈ ਦੇ ਕੌਮੀ ਜਨਰਲ ਸਕੱਤਰ ਡੀ ਰਾਜਾ ਕਰਨਗੇ ਸੰਬੋਧਨ
- ਰਾਹੁਲ ਦੀ ਸਜ਼ਾ ’ਤੇ ਰੋਕ ਲਾਉਣ ਨਾਲ ਜਮਹੂਰੀਅਤ ਨੂੰ ਬਲ ਮਿਲਿਆ : ਬੰਤ ਬਰਾੜ, ਹਰਦੇਵ ਅਰਸ਼ੀ

ਫਰੀਦਕੋਟ (ਐਲਿਗਜ਼ੈਂਡਰ ਡਿਸੂਜਾ) ਪੰਜਾਬ ਖੇਤ ਮਜ਼ਦੂਰ ਸਭਾ ਅਤੇ ਭਾਰਤੀ ਕਮਿਊਨਿਸਟ ਪਾਰਟੀ ਦੀ ਇੱਕ ਸਾਂਝੀ ਮੀਟਿੰਗ ਸਥਾਨਕ ‘ਸ਼ਹੀਦ ਕਾਮਰੇਡ ਅਮੋਲਕ ਭਵਨ’ ਵਿਖੇ ਦਰਸ਼ਨ ਸਿੰਘ ਜਿਊਣਵਾਲਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਕੌਮੀ ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ ਅਤੇ ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਜਨਰਲ ਸਕੱਤਰ ਦੇਵੀ ਕੁਮਾਰੀ ਨੇ ਕਿਹਾ ਕਿ ਕੇਂਦਰ ’ਚ ਭਾਜਪਾ ਸਰਕਾਰ ਦੇ ਸੱਤਾ ’ਚ ਆਉਣ ਦੇ ਬਾਅਦ ਦਲਿਤਾਂ, ਘੱਟ ਗਿਣਤੀਆਂ ਅਤੇ ਔਰਤਾਂ ਉਪਰ ਜ਼ੁਲਮਾਂ ’ਚ ਵਾਧਾ ਹੋਇਆ ਹੈ। ਦੂਜੇ ਪਾਸੇ ਅੱਤ ਦੀ ਮਹਿੰਗਾਈ ਅਤੇ ਰੁਜ਼ਗਾਰ ਦੀ ਘਾਟ ਨੇ ਗਰੀਬ ਪਰਵਾਰਾਂ ਖਾਸ ਕਰਕੇ ਖੇਤ ਮਜ਼ਦੂਰਾਂ ਦਾ ਜਿਊਣਾ ਦੁੱਭਰ ਕਰ ਦਿੱਤਾ ਹੈ। ਮੋਦੀ ਸਰਕਾਰ ਆਪਣੇ ਕਾਰਪੋਰੇਟ ਮਿੱਤਰਾਂ ਦੀ ਮਦਦ ਨਾਲ ਲੋਕਾਂ ਦਾ ਧਰੁਵੀਕਰਨ ਕਰਕੇ ਚੋਣਾਂ ਜਿੱਤਣ ਦੇ ਆਹਰ ’ਚ ਹੈ। ਮਨਰੇਗਾ ਸਕੀਮ ਨੂੰ ਕਮਜ਼ੋਰ ਕਰਨ ਲਈ ਇਸ ਦੇ ਬਜਟ ’ਚ 30 ਫੀਸਦੀ ਕਟੌਤੀ ਕਰਨ ਨਾਲ ਮੋਦੀ ਸਰਕਾਰ ਦਾ ਗਰੀਬ ਵਿਰੋਧੀ ਚਿਹਰਾ ਨੰਗਾ ਹੋਇਆ ਹੈ। ਜਥੇਬੰਦੀ ਇਨ੍ਹਾਂ ਮਸਲਿਆਂ ਨੂੰ ਲੈ ਕੇ ਲਗਾਤਾਰ ਸੰਘਰਸ਼ ਦੇ ਮੈਦਾਨ ਵਿੱਚ ਹੈ। ਮੀਟਿੰਗ ਦਾ ਮੁੱਖ ਏਜੰਡਾ ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਕਾਨਫਰੰਸ ਸੀ, ਜਿਸ ’ਤੇ ਭਰਵੇਂ ਵਿਚਾਰ-ਵਟਾਂਦਰੇ ਉਪਰੰਤ ਫੈਸਲਾ ਕੀਤਾ ਗਿਆ ਕਿ ਦੋ ਦਿਨ ਚੱਲਣ ਵਾਲੀ ਸੂਬਾ ਕਾਨਫਰੰਸ ਕਰੀਬ 27 ਸਾਲ ਦੇ ਵਕਫ਼ੇ ਬਾਅਦ ਜ਼ਿਲ੍ਹਾ ਫਰੀਦਕੋਟ ਵਿੱਚ ਕੀਤੀ ਜਾਵੇਗੀ। ਪਹਿਲੇ ਦਿਨ 4 ਅਕਤੂਬਰ ਨੂੰ ਹੋਣ ਵਾਲੀ ਵਿਸ਼ਾਲ ਰੈਲੀ ਨੂੰ ਭਾਰਤੀ ਕਮਿਊਨਿਸਟ ਪਾਰਟੀ ਦੇ ਕੌਮੀ ਜਨਰਲ ਸਕੱਤਰ ਡੀ ਰਾਜਾ ਸੰਬੋਧਨ ਕਰਨਗੇ।

ਇਸ ਮੌਕੇ ਸਾਂਝੀ ਮੀਟਿੰਗ ਨੂੰ ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ, ਸੀਨੀਅਰ ਆਗੂ ਅਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਅਤੇ ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਇਸ ਸੂਬਾ ਕਾਨਫਰੰਸ ਨੂੰ ਸਫਲ ਬਣਾਉਣ ਲਈ ਹਰ ਸੰਭਵ ਮਦਦ ਕੀਤੀ ਜਾਵੇਗੀ, ਕਿਉਂਕਿ ਆਰਥਕ ਤੌਰ ’ਤੇ ਨਪੀੜੇ ਅਤੇ ਸਮਾਜਕ ਜਬਰ ਦਾ ਸ਼ਿਕਾਰ ਪਿੰਡਾਂ ਦੇ ਖੇਤ ਮਜ਼ਦੂਰਾਂ ਦੇ ਹੱਕਾਂ ਦੀ ਰਾਖੀ ਪਾਰਟੀ ਦਾ ਮੁੱਖ ਕਾਰਜ ਹੈ। ਕਮਿਊਨਿਸਟ ਆਗੂਆਂ ਨੇ ਦੇਸ਼ ਦੀ ਸਿਖਰਲੀ ਅਦਾਲਤ ਵੱਲੋਂ ਮਾਣਹਾਨੀ ਕੇਸ ਵਿੱਚ ਰਾਹੁਲ ਗਾਂਧੀ ਦੀ ਸਜ਼ਾ ’ਤੇ ਰੋਕ ਲਗਾਏ ਜਾਣ ਨੂੰ ਦੇਸ਼ ਦੀ ਨਿਆਂ ਪ੍ਰਣਾਲੀ, ਲੋਕਤੰਤਰ ਅਤੇ ਸੰਵਿਧਾਨ ਲਈ ਸ਼ੁੱਭ ਸਗਨ ਕਰਾਰ ਦਿੰਦੇ ਹੋਏ ਕਿਹਾ ਕਿ ਇਸ ਫੈਸਲੇ ਨਾਲ ਵਿਰੋਧੀ ਧਿਰ ਦੀਆਂ 26 ਪਾਰਟੀਆਂ ਦਾ ਗਠਜੋੜ ‘ਇੰਡੀਆ’ ਹੋਰ ਵੀ ਮਜ਼ਬੂਤ ਹੋਵੇਗਾ। ਉਨ੍ਹਾ ਮਨੀਪੁਰ ਅਤੇ ਹਰਿਆਣਾ ਦੇ ਮੇਵਾਤ ਖੇਤਰ ’ਚ ਨਸਲੀ ਅਤੇ ਫਿਰਕੂ ਹਿੰਸਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਇਸ ਨੂੰ ਕੇਂਦਰੀ ਹਾਕਮਾਂ ਦੀ ਸੋਚੀ-ਸਮਝੀ ਰਣਨੀਤੀ ਕਰਾਰ ਦਿੱਤਾ ਜਿਸ ਦਾ ਮੁਕਾਬਲਾ ਕਰਨ ਲਈ ਸਾਰੀਆਂ ਦੇਸ਼ ਭਗਤ ਤਾਕਤਾਂ ਨੂੰ ਮਤਭੇਦ ਭੁਲਾ ਕੇ ਇਕਮੁੱਠ ਹੋਣ ਦੀ ਲੋੜ ਹੈ। ਮੀਟਿੰਗ ਨੂੰ ਜਥੇਬੰਦੀ ਦੇ ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਗੁਰਨਾਮ ਸਿੰਘ, ਭਲਵਿੰਦਰ ਸਿੰਘ ਔਲਖ, ਜਗਤਾਰ ਸਿੰਘ ਰਾਜੋਵਾਲਾ, ਮੁਖਤਿਆਰ ਸਿੰਘ ਭਾਣਾ, ਚਰਨਜੀਤ ਸਿੰਘ ਚਮੇਲੀ, ਪੱਪੀ ਸਿੰਘ ਢਿੱਲਵਾਂ, ਉੱਤਮ ਸਿੰਘ ਸਾਦਿਕ, ਜਸਵਿੰਦਰ ਸਿੰਘ, ਗੁਰਦੀਪ ਸਿੰਘ, ਵੀਰ ਸਿੰਘ ਕੰਮੇਆਣਾ ਅਤੇ ਗੁਰਮੇਲ ਸਿੰਘ ਲਾਲੇਆਣਾ ਤੋਂ ਇਲਾਵਾ ਭਰਾਤਰੀ ਜਥੇਬੰਦੀਆਂ ਦੇ ਹਰਪਾਲ ਸਿੰਘ ਮਚਾਕੀ, ਪ੍ਰਦੀਪ ਬਰਾੜ, ਗੁਰਚਰਨ ਸਿੰਘ ਮਾਨ, ਕੁਲਵੰਤ ਸਿੰਘ ਚਾਨੀ, ਹਾਕਮ ਸਿੰਘ, ਮਾਸਟਰ ਦਰਸ਼ਨ ਸਿੰਘ ਔਲਖ, ਸੁਖਦਰਸ਼ਨ ਰਾਮ, ਸੁਖਚਰਨ ਸਿੰਘ ਪੀ ਆਰ ਟੀ ਸੀ ਅਤੇ ਸ਼ਸ਼ੀ ਸ਼ਰਮਾ ਨੇ ਸੰਬੋਧਨ ਕਰਦੇ ਹੋਏ ਤਜਵੀਜ਼ਸ਼ੁਦਾ ਸੂਬਾ ਕਾਨਫਰੰਸ ਨੂੰ ਕਾਮਯਾਬ ਕਰਨ ਦਾ ਵਚਨ ਦਿੱਤਾ। ਇੱਕ ਮਤੇ ਰਾਹੀਂ ਕੇਂਦਰ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਨਰੇਗਾ ਮਜ਼ਦੂਰਾਂ ਦੀ ਦਿਹਾੜੀ 700 ਰੁਪਏ ਕਰਕੇ ਸਾਲ ਵਿੱਚ 200 ਦਿਨ ਮੰਗਣ ’ਤੇ ਕੰਮ ਦਿੱਤਾ ਜਾਵੇ, ਬੇਘਰਿਆਂ ਲਈ 10 ਮਰਲੇ ਦੇ ਪਲਾਟ ਅਤੇ ਮਕਾਨ ਬਣਾਉਣ ਲਈ ਪੰਜ ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾਵੇ, ਸ਼ਾਮਲਾਟ ਜ਼ਮੀਨਾਂ ਸੰਬੰਧੀ ‘ਡੰਮੀ ਬੋਲੀਆਂ’ ਬੰਦ ਕੀਤੀਆਂ ਜਾਣ, ਬੁਢਾਪਾ ਅਤੇ ਵਿਧਵਾ ਪੈਨਸ਼ਨ 5000 ਰੁਪਏ ਮਹੀਨਾ ਕੀਤੀ ਜਾਵੇ ਅਤੇ ਖੇਤ ਮਜ਼ਦੂਰਾਂ ਸਿਰ ਚੜ੍ਹਿਆ ਕਰਜ਼ਾ ਮੁਆਫ ਕੀਤਾ ਜਾਵੇ। ਕਾਨਫਰੰਸ ਦੀ ਤਿਆਰੀ ਲਈ ਜ਼ਿਲ੍ਹੇ ਦੀ ਜਨਰਲ ਬਾਡੀ ਮੀਟਿੰਗ 20 ਅਗਸਤ ਨੂੰ ਕਰਨ ਦਾ ਫੈਸਲਾ ਵੀ ਕੀਤਾ ਗਿਆ।

ਭਾਜਪਾ ਸਾਂਸਦ ਰਾਮਸ਼ੰਕਰ ਕਠੇਰੀਆ ਨੂੰ 2 ਸਾਲ ਦੀ ਸਜ਼ਾ

ਆਗਰਾ : ਇਟਾਵਾ ਤੋਂ ਭਾਜਪਾ ਸਾਂਸਦ ਰਾਮਸ਼ੰਕਰ ਨੂੰ ਐੱਮ ਪੀ/ ਐੱਮ ਐੱਲ ਏ ਕੋਰਟ ਨੇ ਸ਼ਨੀਵਾਰ ਦੋ ਸਾਲ ਦੀ ਸਜ਼ਾ ਅਤੇ 50 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ। ਉਨ੍ਹਾ ਨੂੰ ਬਿਜਲੀ ਸਪਲਾਈ ਕਰਨ ਵਾਲੀ ਕੰਪਨੀ ਦੇ ਅਧਿਕਾਰੀ ਨਾਲ ਕੁੱਟਮਾਰ ਦਾ ਦੋਸ਼ੀ ਕਰਾਰ ਦਿੱਤਾ ਗਿਆ। ਘਟਨਾ ਸਮੇਂ ਉਹ ਆਗਰਾ ਤੋਂ ਸਾਂਸਦ ਸਨ। ਦੋ ਸਾਲ ਦੀ ਸਜ਼ਾ ਹੋਣ ਬਾਅਦ ਰਾਮਸ਼ੰਕਰ ਕਠੇਰੀਆ ਦੀ ਸੰਸਦ

6-AUG-PAGE-1.qxd 8/5/2023 10:17 PM Page 2

ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ 'ਚ ਨਵੇਂ ਵਿਦਿਆਰਥੀਆਂ ਦਾ ਸਵਾਗਤ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਫਿਰੋਜ਼ਪੁਰ ਦੇ ਉੱਪ-ਕੁਲਪਤੀ ਡਾਕਟਰ ਬੂਟਾ ਸਿੰਘ ਸਿੱਧੂ, ਰਜਿਸਟਰਾਰ ਡਾਕਟਰ ਗ਼ਜ਼ਲਪ੍ਰੀਤ ਸਿੰਘ ਤੇ ਦੀਨ ਅਕੈਡਮਿਕਸ, ਡਾਕਟਰ ਤੇਜੀਤ ਸਿੰਘ ਦੇ ਨਿਰਦੇਸ਼ ਅਨੁਸਾਰ ਵਿਭਾਗੀ ਮੁਖੀ ਡਾਕਟਰ ਗੁਲਸ਼ਨ ਅਰੂਜਾ ਨੇ ਕੰਪਿਊਟਰ ਐਪਲੀਕੇਸ਼ਨਜ਼ ਵਿਭਾਗ ਦੇ ਬੀਸੀਏ, ਐੱਮਸੀਏ ਤੇ ਪੀਜੀਡੀਸੀਏ ਵਿੱਚ ਨਵੇਂ ਦਾਖਲ ਹੋਏ ਵਿਦਿਆਰਥੀਆਂ ਦਾ ਸਵਾਗਤ ਕੀਤਾ।ਡਾਕਟਰ ਗੁਲਸ਼ਨ ਨੇ ਵਿਦਿਆਰਥੀਆਂ ਨੂੰ ਮੁਲਾਕਾਤ ਦੌਰਾਨ ਦੱਸਿਆ ਕਿ ਇਸ ਯੂਨੀਵਰਸਿਟੀ ਵਿੱਚ ਰਹਿੰਦੇ ਹੋਏ ਬਹੁਤ ਕੁਝ ਸਿੱਖਿਆ ਜਾ ਸਕਦਾ ਹੈ।ਇਨ੍ਹਾਂ ਕੋਰਸਾਂ ਵਿੱਚ ਵਿਦਿਆਰਥੀਆਂ ਨੂੰ ਕੰਪਿਊਟਰ ਸਾਇੰਸ ਤੇ ਐਪਲੀਕੇਸ਼ਨਜ਼ ਦੇ ਵਿਸ਼ਿਆਂ ਸੰਬੰਧੀ ਜਾਣਕਾਰੀ ਦਿੱਤੀ ਗਈ।ਉਨ੍ਹਾਂ ਦੱਸਿਆ ਕਿ ਕੰਪਿਊਟਰ ਐਪਲੀਕੇਸ਼ਨ ਦੇ ਕੋਰਸ ਜਿਵੇਂ ਕਿ ਬੀ.ਸੀ.ਏ. ਤੇ ਐੱਮ. ਸੀ. ਏ. ਕਰਨ ਤੋਂ ਬਾਅਦ ਵਿਦਿਆਰਥੀਆਂ ਦਾ ਭਵਿੱਖ ਬਹੁਤ ਹੀ ਉੱਜਵਲ ਹੋ ਸਕਦਾ ਹੈ।ਉਨ੍ਹਾਂ ਨੂੰ ਮਲਟੀ ਨੈਸ਼ਨਲ ਕੰਪਨੀਆਂ ਵਿੱਚ ਅਸਾਨੀ ਨਾਲ ਨੌਕਰੀ ਪ੍ਰਾਪਤ ਹੋ ਸਕਦੀ ਹੈ।ਇਸ ਮੁਲਾਕਾਤ ਦੌਰਾਨ ਅਮਰਦੀਪ ਚੋਪੜਾ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਅਕੈਡਮਿਕ ਸਬੰਧੀ ਮੁਕੰਮਲ ਜਾਣਕਾਰੀ ਦਿੱਤੀ। ਇਸ ਮੌਕੇ ਹੋਰ ਫੈਕਲਟੀ ਮੈਂਬਰ, ਦਫਤਰੀ ਸਟਾਫ ਤੇ ਕੰਪਿਊਟਰ ਲੈਬ ਦਾ ਸਟਾਫ ਹਾਜ਼ਰ ਰਿਹਾ।

ਨਸ਼ਿਆਂ ਸੰਬੰਧੀ ਜਾਗਰੂਕਤਾ ਕੈਂਪ ਲਾਇਆ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਮਾਨਸਿਕ ਸਿਹਤ ਪ੍ਰੋਗਰਾਮ ਅਧੀਨ ਸਿਵਲ ਸਰਜਨ ਡਾ. ਰਜਿੰਦਰਪਾਲ ਤੇ ਡਿਪਟੀ ਮੈਡੀਕਲ ਕਮਿਸ਼ਨਰ ਡਾ. ਗੁਰਮੇਜ ਗੁਰਾਇਆ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਨਸ਼ਾ ਛੁਡਾਓ ਕੇਂਦਰ ਸਿਵਲ ਹਸਪਤਾਲ ਫਿਰੋਜ਼ਪੁਰ ਵੱਲੋਂ ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ ਫਿਰੋਜ਼ਪੁਰ ਵਿਖੇ ਨਸ਼ੇ ਤੇ ਮਾਨਸਿਕ ਰੋਗਾਂ ਸਬੰਧੀ ਜਾਗਰੂਕਤਾ ਕੈਂਪ ਲਾਇਆ ਗਿਆ।ਇਸ ਮੌਕੇ ਪ੍ਰੋਮਜੀਤ ਸਿੰਘ ਸਾਈਕਾਲੋਜਿਸਟ ਨੇ ਦੱਸਿਆ ਕਿ ਸਿਹਤ ਵਿਭਾਗ ਦੀ ਅਗਵਾਈ ਵਿੱਚ ਫਿਰੋਜ਼ਪੁਰ ਜ਼ਿਲ੍ਹੇ ਦੇ ਵਿੱਦਿਅਕ ਅਦਾਰਿਆਂ ਵਿੱਚ ਨਸ਼ੇ ਤੇ ਮਾਨਸਿਕ ਸਿਹਤ ਸਬੰਧੀ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ। ਇਸ ਦੌਰਾਨ ਪ੍ਰੋਮਜੀਤ ਸਿੰਘ ਸਾਈਕੋਲੋਜਿਸਟ ਨੇ ਵਿਦਿਆਰਥੀਆਂ 'ਚ ਨਸ਼ੇ ਦੀਆਂ ਬੁਰੀਆਂ ਅਲਾਮਤਾਂ ਨੇ ਕਿਵੇਂ ਸਾਡੇ ਸਮਾਜ ਨੂੰ ਘੇਰਾ ਪਾਇਆ ਹੋਇਆ, ਇਸ ਦੇ ਨਤੀਜੇ, ਬੁਰੇ ਪ੍ਰਭਾਵ, ਬਚਾਅ ਤੇ ਇਲਾਜ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ।ਇਸ ਤੋਂ ਇਲਾਵਾ ਮਾਨਸਿਕ ਰੋਗਾਂ ਬਾਰੇ ਵਿਸ਼ੇਸ਼ ਚਾਨਣਾ ਪਾਇਆ।ਇਸ ਮੌਕੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦਾ ਪ੍ਰਣ ਵੀ ਦਿਵਾਇਆ ਗਿਆ। ਇਸ ਮੌਕੇ ਇੰਚਾਰਜ ਪ੍ਰਿੰਸੀਪਲ ਡਾਕਟਰ ਅਮਰਜੋਤੀ ਮਾਂਗਟ ਨੇ ਵੀ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ ਤੇ ਸਿਹਤ ਵਿਭਾਗ ਦੀ ਟੀਮ ਦੀ ਇਸ ਉਪਰਾਲੇ ਲਈ ਸ਼ਲਾਘਾ ਕੀਤੀ ਅਤੇ ਧੰਨਵਾਦ ਕੀਤਾ।ਇਸ ਮੌਕੇ ਗੌਰਵ ਮੁੰਜਾਲ, ਰਜਨੀ ਜੱਗਾ, ਆਰਤੀ ਸਚਦੇਵਾ, ਜਸਵਿੰਦਰ ਕੌਰ, ਮਹਿਲ ਸਿੰਘ, ਅਕਾਸ਼ਵੀਰ ਅਤੇ ਹੋਰ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

ਆਈ ਐੱਸ ਐੱਫ ਕਾਲਜ ਵੱਲੋਂ ਅੰਤਰਰਾਸ਼ਟਰੀ 'ਵਰਸਿਟੀ ਨਾਲ ਸਮਝੌਤਾ

ਮੋਗਾ (ਅਮਰਜੀਤ ਬੱਬਰੀ)-ਸੂਬੇ ਦੀ ਪ੍ਰਮੁੱਖ ਵਿੱਦਿਅਕ ਸੰਸਥਾ ਆਈ.ਐੱਸ.ਐੱਫ. ਕਾਲਜ ਆਫ ਫਾਰਮੇਸੀ ਸਿੱਖਿਆ ਤੇ ਰਿਸਰਚ ਵਿੱਚ ਦੇਸ਼ ਤੇ ਵਿਦੇਸ਼ ਦੀ ਯੂਨੀਵਰਸਿਟੀ ਅਤੇ ਰਿਸਰਚ ਸੈਂਟਰ ਤੋਂ ਲਗਾਤਾਰ ਤਾਲਮੇਲ ਕਰ ਰਹੀ ਹੈ, ਤਾਂ ਜੋ ਵਿਦਿਆਰਥੀਆਂ ਨੂੰ ਆਉਣ ਵਾਲੇ ਸਮੇਂ ਵਿੱਚ ਖਾਸ ਮੌਕੇ ਕਾਰਜ ਕਰਨ ਲਈ ਦੇਸ਼ ਤੇ ਵਿਦੇਸ਼ 'ਚ ਮਿਲ ਸਕਣ। ਇਸੇ ਕੜੀ ਤਹਿਤ ਸੰਸਥਾ ਨੇ ਯੂਨੀਵਰਸਿਟੀ ਆਫ ਕੁਰਦਸਥਾਨ ਈਰਾਨ ਦੇ ਨਾਲ ਸਮਝੌਤੇ ਪੱਤਰ 'ਤੇ ਦਸਤਖਤ ਕਰਕੇ ਈਰਾਨ ਦੀ ਯੂਨੀਵਰਸਿਟੀ ਤੇ ਆਈ.ਐੱਸ.ਐੱਫ. ਕਾਲਜ ਆਫ ਫਾਰਮੇਸੀ ਵਿੱਚ ਸਿੱਖਿਆ ਤੇ ਰਿਸਰਚ 'ਚ ਅਹਿਮ ਯੋਗਦਾਨ ਦਿੱਤਾ ਜਾਵੇਗਾ। ਇਸ ਸਮਝੌਤੇ 'ਚ ਡਾ. ਵਿਵੇਕ ਅਸਾਠੀ ਨੇ ਅਹਿਮ ਭੂਮਿਕਾ ਨਿਭਾਈ। ਸੰਸਥਾ ਦੇ ਡਾਇਰੈਕਟਰ ਡਾ. ਜੀ. ਡੀ. ਗੁਪਤਾ ਨੇ ਦੱਸਿਆ ਕਿ ਇਸ ਸਮਝੌਤੇ ਪੱਤਰ ਨਾਲ ਦੋਨੋਂ ਹੀ ਯੂਨੀਵਰਸਿਟੀ ਵਿਦਿਆਰਥੀਆਂ ਲਈ ਆਨਲਾਈਨ ਸਰਟੀਫਿਕੇਟ ਕੋਰਸ, ਕਾਨਫਰੰਸ, ਵਰਕਸ਼ਾਪ, ਸੈਮੀਨਾਰ, ਫੈਕਿਲਟੀ ਐਕਸਚੇਂਜ ਦੇ ਨਾਲ-ਨਾਲ ਟੈਕਨਾਲਾਜੀ ਟਰਾਂਸਪਰ 'ਤੇ ਕੰਮ ਕੀਤੇ ਜਾਣਗੇ। ਇਸ ਮੌਕੇ ਸੰਸਥਾ ਦੇ ਚੇਅਮੈਨ ਪ੍ਰਵੀਨ ਗਰਗ, ਸੈਕਟਰੀ ਇੰਜੀ. ਜਨੇਸ਼ ਗਰਗਰ, ਡਾ. ਮੁਸਕਾਨ ਗਰਗ, ਡਾਇਰੈਕਟਰ ਡਾ. ਜੀ. ਡੀ. ਗੁਪਤਾ, ਵਾਈਸ ਪ੍ਰਿੰਸੀਪਲ ਡਾ. ਆਰ. ਕੇ. ਨਾਰੰਗ ਨੇ ਡਾ. ਵਿਵੇਕ ਅਸਾਠੀ ਤੇ ਸਮੂਹ ਫੈਕਿਲਟੀ ਸਟਾਫ ਨੂੰ ਵਧਾਈ ਦਿੱਤੀ।

ਸਟੱਡੀ ਸਰਕਲ ਵੱਲੋਂ ਵਿੱਦਿਅਕ ਸੈਮੀਨਾਰ

ਸੰਗਰੂਰ (ਪ੍ਰਵੀਨ ਸਿੰਘ)-ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮੀਰੀ ਪੀਰੀ ਵਿਦਿਆਲਿਆ ਜੋਤੀਸਰ ਵਿਖੇ ਵਾਤਾਵਰਣ ਦੀ ਸੰਭਾਲ ਸਬੰਧੀ ਵਿੱਦਿਅਕ ਸੈਮੀਨਾਰ ਕੁਲਵੰਤ ਸਿੰਘ ਨਾਗਰੀ ਜ਼ੋਨਲ ਸਕੱਤਰ, ਪ੍ਰੋ: ਨਰਿੰਦਰ ਸਿੰਘ ਐਡੀਸ਼ਨਲ ਜ਼ੋਨਲ ਸਕੱਤਰ ਅਕਾਦਮਿਕ, ਇਕਬਾਲ ਸਿੰਘ ਪ੍ਰਬੰਧਕ ਕਮੇਟੀ ਦੀ ਦੇਖ ਰੇਖ ਹੇਠ ਕੀਤਾ ਗਿਆ। ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਤ ਇਸ ਸੈਮੀਨਾਰ 'ਚ ਮੁੱਖ ਮਹਿਮਾਨ ਤੇ ਬੁਲਾਰੇ ਵਜੋਂ ਪਾਲਾ ਮੱਲ ਸਿੰਗਲਾ ਪ੍ਰਧਾਨ ਗਰੀਨ ਪੰਜਾਬ ਸੁਸਾਇਟੀ, ਲਾਭ ਸਿੰਘ ਡਿਪਟੀ ਚੀਫ ਆਰਗੇਨਾਈਜ਼ਰ, ਕੁਲਵੰਤ ਸਿੰਘ ਅਕੋਈ, ਪ੍ਰਿੰਸੀਪਲ ਸੁਖਦਰਸ਼ਨ ਸਿੰਘ, ਰਾਕੇਸ਼ ਕੁਮਾਰ, ਲੇਖਕ ਤੇ ਸਮਾਜ ਸੇਵੀ ਸੱਤਦੇਵ ਸ਼ਰਮਾ, ਰਾਮ ਸਰੂਪ ਸਿੰਘ ਅਲੀਸ਼ੇਰ ਤੇ ਪ੍ਰੀਤਮ ਸਿੰਘ ਜੌਹਲ ਰਿਟਾ: ਏ.ਡੀ.ਸੀ. ਵੀ ਸ਼ਾਮਲ ਹੋਏ। ਸਮਾਗਮ ਦੀ ਪ੍ਰਧਾਨਗੀ ਪ੍ਰਿੰਸੀਪਲ ਰਮਨਦੀਪ ਕੌਰ ਨੇ ਕੀਤੀ। ਸਮਾਗਮ ਦੀ ਆਰੰਭਤਾ ਨੰਨ੍ਹੇ ਮੁੰਨੇ ਬੱਚਿਆਂ ਨੇ ਮੂਲਮੰਤਰ ਦੇ ਜਾਪ ਨਾਲ ਕੀਤੀ। ਇਨ੍ਹਾਂ ਮੁਕਾਬਲਿਆਂ 'ਚ ਨਵਦੀਪ ਕੌਰ ਸੰਤ ਅਤਰ ਸਿੰਘ ਅਕਾਲ ਅਕੈਡਮੀ ਮਸਤੂਆਣਾ ਸਾਹਿਬ ਤੇ ਬਿਕਰਮਜੀਤ ਸਿੰਘ ਬਾਬਾ ਸਾਹਿਬ ਦਾਸ ਸੇਵਾ ਦਲ ਸਕੂਲ ਨੇ ਜੂਨੀਅਰ ਤੇ ਸੀਨੀਅਰ ਗਰੁੱਪ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ। ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਪ੍ਰਬੰਧਕਾਂ ਵੱਲੋਂ ਉਤਸ਼ਾਹ ਵਧਾਊ ਇਨਾਮ ਦਿੱਤੇ ਗਏ, ਜਦੋਂਕਿ ਅਧਿਆਪਕ ਇੰਚਾਰਜਾਂ ਨੂੰ ਪਿੰਗਲਵਾੜੇ ਦੀਆਂ ਪ੍ਰਕਾਸ਼ਤ ਪੁਸਤਕਾਂ ਦੇ ਕੇ ਸਨਮਾਨਤ ਕੀਤਾ ਗਿਆ। ਸਟੱਡੀ ਸਰਕਲ ਵੱਲੋਂ ਸਕੂਲ ਦੇ ਬੱਚਿਆਂ ਵੱਲੋਂ ਮਹਿਮਾਨਾਂ ਨੂੰ ਬੂਟੇ ਭੇਟ ਕੀਤੇ।

ਪੁਲਸ ਲਾਈਨ ਮੁਹੱਦੀਆਂ 'ਚ ਡੇਂਗੂ ਵਿਰੋਧੀ ਜਾਗਰੂਕਤਾ ਸੈਮੀਨਾਰ

ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਤੇ ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਸਰਕਾਰ ਦੁਆਰਾ ਚਲਾਈ ਜਾ ਰਹੀ 'ਹਰ ਸ਼ੁੱਕਰਵਾਰ-ਡੇਂਗੂ 'ਤੇ ਵਾਰ' ਵਿਸ਼ੇਸ਼ ਮੁਹਿੰਮ ਤਹਿਤ ਜ਼ਿਲ੍ਹੇ ਅੰਦਰ ਪੈਂਦੇ ਥਾਣੇ, ਪੁਲਸ ਚੌਕੀਆਂ ਤੇ ਪੁਲਿਸ ਲਾਈਨ ਵਿਖੇ ਜਾ ਕੇ ਡੇਂਗੂ ਸਬੰਧੀ ਸਰਵੇ ਕੀਤਾ ਗਿਆ, ਮੱਛਰ ਦਾ ਲਾਰਵਾ ਮਿਲਣ 'ਤੇ ਉਸ ਨੂੰ ਮੌਕੇ 'ਤੇ ਹੀ ਨਸ਼ਟ ਕਰਾਇਆ ਗਿਆ ਅਤੇ ਡਿਊਟੀ 'ਤੇ ਤੈਨਾਤ ਮੁਲਾਜ਼ਮਾਂ ਨੂੰ ਡੇਂਗੂ ਸੰਬੰਧੀ ਜਾਗਰੂਕ ਕੀਤਾ ਗਿਆ। ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਨੇ ਦੱਸਿਆ ਕਿ ਡੇਂਗੂ ਵਿਰੁੱਧ ਮੁਹਿੰਮ ਹਰ ਸ਼ੁੱਕਰਵਾਰ, ਡੇਂਗੂ 'ਤੇ ਵਾਰ ਤਹਿਤ ਇਸ ਸ਼ੁੱਕਰਵਾਰ ਲਈ ਪੁਲਸ ਥਾਣੇ, ਚੌਕੀਆਂ, ਪੁਲਸ ਲਾਈਨਾਂ ਵਿੱਚ ਡੇਂਗੂ ਸਰਵੇ ਕਰਨ ਤੇ ਡੇਂਗੂ ਪ੍ਰਤੀ ਮੁਲਾਜ਼ਮਾਂ ਨੂੰ ਜਾਗਰੂਕ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਈ ਗਈ ਸੀ, ਜਿਸ ਤਹਿਤ ਜ਼ਿਲ੍ਹੇ ਅੰਦਰ ਇਨ੍ਹਾਂ ਸਟੇਸ਼ਨਾਂ ਤੇ ਸਿਹਤ ਵਿਭਾਗ ਦੀਆਂ ਵੱਖ-ਵੱਖ ਟੀਮਾਂ ਵੱਲੋਂ ਡੇਂਗੂ ਦੇ ਲੱਛਣਾਂ, ਇਲਾਜ ਤੇ ਬਚਾਅ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਜਿਥੇ ਵੀ ਲਾਰਵਾ ਮਿਲਿਆ, ਮੌਕੇ 'ਤੇ ਨਸ਼ਟ ਕਰਾ ਕੇ ਸਪਰੇਅ ਕੀਤੀ ਗਈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰ 'ਤੇ ਸਿਹਤ ਵਿਭਾਗ ਦੀ ਟੀਮ, ਜਿਸ ਵਿੱਚ ਡਾ. ਗੁਰਪ੍ਰੀਤ ਕੌਰ, ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਬਲਜਿੰਦਰ ਸਿੰਘ, ਗੁਰਦੀਪ ਸਿੰਘ ਤੇ ਜਸਵਿੰਦਰ ਕੌਰ ਸ਼ਾਮਲ ਸਨ, ਵੱਲੋਂ ਪੁਲਸ ਲਾਈਨ ਵਿਖੇ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕਰਕੇ ਉਥੋਂ ਦੇ ਮੁਲਾਜ਼ਮਾਂ ਨੂੰ ਜਾਗਰੂਕ ਕੀਤਾ ਗਿਆ।

ਜੋ ਆਪਣੀ ਮਾਂ ਪਾਰਟੀ ਦੇ ਨਹੀਂ ਰਹੇ, ਉਹ ਮਾਸੀ ਦੇ ਕਿਵੇਂ ਬਣ ਸਕਦੇ : ਗੋਇਲ

ਤਪਾ ਮੰਡੀ (ਅਰੁਣ ਗੋਇਲ)-ਜੋ ਅਪਣੀ ਮਾਂ ਪਾਰਟੀ ਦੇ ਨਹੀਂ ਬਣੇ ਉਹ ਆਪਣੀ ਮਾਸੀ ਦੇ ਕਿਵੇਂ ਬਣ ਸਕਦੇ ਹਨ। ਇਹ ਸ਼ਬਦ ਸਿਟੀ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਸੱਤਪਾਲ ਗੋਇਲ ਨੇ ਕਹੇ। ਉਨ੍ਹਾ ਦੱਸਿਆ ਕਿ ਜਿਸ ਸਮੇਂ ਪੰਜਾਬ ਭਾਜਪਾ ਦਾ ਇੱਕ ਪ੍ਰਤੀਨਿਧੀ ਮੰਡਲ ਗਵਰਨਰ ਪੰਜਾਬ ਨੂੰ ਮੰਗ ਪੱਤਰ ਦੇਣ ਗਿਆ ਸੀ ਉਹ ਸਾਰੇ ਹੀ ਸਾਬਕਾ ਕਾਂਗਰਸੀ ਆਗੂ ਸਨ ਜੋ ਭਾਜਪਾ 'ਚ ਸ਼ਾਮਲ ਹੋਏ ਸਨ। ਉਨ੍ਹਾ ਕਿਹਾ ਕਿ ਕਾਂਗਰਸ ਸਰਕਾਰ 'ਚ ਸੱਤਾ ਦਾ ਆਨੰਦ ਮਾਨਣ ਵਾਲੇ ਸਾਰੇ ਮੰਤਰੀ ਅਤੇ ਵਿਧਾਇਕ ਖੁਦ ਜਾਖੜ ਹੁਣ ਅਪਣੇ ਆਪ ਨੂੰ ਪੱਕੇ ਭਾਜਪਾਈ ਦੱਸਣ ਲੱਗੇ ਹੋਏ ਹਨ। ਮੁੱਖ ਮੰਤਰੀ ਦੀ ਲਾਲਸਾ ਪੂਰੀ ਨਾ ਹੋਈ ਤਾਂ ਭਾਜਪਾ ਦੀ ਛਤਰੀ 'ਤੇ ਜਾ ਬੈਠੇ। ਇਸੇ ਤਰ੍ਹਾਂ ਕੈਪਟਨ ਅਮਰਿੰਦਰ ਸਿੰਘ ਨੇ ਕੀਤੀ ਹੈ। 10 ਸਾਲ ਮੁੱਖ ਮੰਤਰੀ ਦੀ ਕੁਰਸੀ ਦਾ ਆਨੰਦ ਮਾਣ ਚੁੱਕੇ, ਧਰਮਪਤਨੀ ਨੂੰ ਕੇਂਦਰੀ ਮੰਤਰੀ ਸਮੇਤ ਬਹੁਤ ਸਾਰੇ ਮਹੱਤਵਪੂਰਨ ਅਹੁਦੇ ਮਿਲਣ ਦੇ ਬਾਵਜੂਦ ਭਾਜਪਾ ਦੀ ਛਤਰੀ ਲੈ ਰਹੇ ਹਨ। ਸੁਖਦੇਵ ਸਿੰਘ ਢੀਂਡਸਾ ਸ਼੍ਰੋਮਣੀ ਅਕਾਲੀ ਦਲ 'ਚ ਰਹਿ ਕੇ ਕੇਂਦਰੀ ਮੰਤਰੀ ਦੇ ਅਹੁਦੇ 'ਤੇ ਰਹੇ। ਵਾਰ ਵਾਰ ਲੋਕ ਸਭਾ ਸੀਟ ਹਾਰਨ 'ਤੇ ਰਾਜ ਸਭਾ ਮੈਂਬਰ ਰਹੇ। ਇਨ੍ਹਾਂ ਦੇ ਸਪੁੱਤਰ ਨੇ 10 ਸਾਲ ਅਕਾਲੀ ਦਲ ਦੀ ਸਰਕਾਰ 'ਚ ਮੰਤਰੀ ਅਹੁਦੇ ਦਾ ਸੁਖ ਮਾਣਿਆ। ਪਤਾ ਨਹੀਂ ਕਿਹੜੀ ਲਾਲਸਾ ਪੂਰੀ ਕਰਨ ਲਈ ਅਲੱਗ ਅਕਾਲੀ ਦਲ ਬਣਾ ਲਿਆ। ਇਹੋ ਜਿਹਾ ਕਿਹੜਾ ਅਹੁਦਾ ਇਨ੍ਹਾਂ ਨੂੰ ਅਕਾਲੀ ਦਲ 'ਚ ਨਹੀਂ ਮਿਲਿਆਂ ਜਿਸ ਦੇ ਇਹ ਇੱਛੁਕ ਸਨ।

ਲਾਇਲਪੁਰ ਖਾਲਸਾ ਕਾਲਜ ਵਿਖੇ ਧੂਮਧਾਮ ਨਾਲ ਮਨਾਇਆ ਤੀਆਂ ਦਾ ਤਿਉਹਾਰ

ਜਲੰਧਰ (ਸ਼ੈਲੀ ਐਲਬਰਟ)

ਉੱਤਰੀ ਭਾਰਤ ਦੀ ਸਿਰਮੌਰ ਵਿਦਿਅਕ ਸੰਸਥਾ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਲੋਂ ਧੀਆਂ ਨੂੰ ਸਮਰਪਿਤ ਤੀਆਂ ਦਾ ਤਿਉਹਾਰ ਮਨਾਇਆ ਗਿਆ। ਇਸ ਵਿਚ ਵਿਦਿਆਰਥਣਾਂ ਵਲੋਂ ਲੋਕ-ਗੀਤ, ਗਿੱਧਾ, ਗਰੁੱਪ ਡਾਂਸ ਅਤੇ ਸੋਲੋ ਡਾਂਸ ਆਦਿ ਦੀ ਪੇਸ਼ਕਾਰੀ ਕੀਤੀ ਗਈ। ਪ੍ਰਿੰਸੀਪਲ ਪ੍ਰੋ. ਜਸਰੀਨ ਕੌਰ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਅਤੇ ਕਿਹਾ ਕਿ ਅੱਜ ਲੜਕੀਆਂ ਹਰੇਕ ਖੇਤਰ ਵਿਚ ਵਧ ਚੜ੍ਹ ਕੇ ਯੋਗਦਾਨ ਪਾ ਰਹੀਆਂ ਹਨ। ਇਹ ਸਾਡੇ ਸਮਾਜ ਲਈ ਬੜੇ ਮਾਣ ਵਾਲੀ ਗੱਲ ਹੈ। ਸਾਡੀਆਂ ਵਿਦਿਆਰਥਣਾਂ ਅਕਾਦਮਿਕ, ਸਭਿਆਚਾਰਕ, ਸੰਗੀਤਕ ਅਤੇ ਖੇਡਾਂ ਵਿਚ ਵਧੀਆ ਕਾਰਗੁਜਾਰੀ ਕਰਕੇ ਸੰਸਥਾ ਦਾ ਨਾਂਅ ਰੌਸ਼ਨ ਕਰ ਰਹੀਆਂ ਹਨ। ਉਨ੍ਹਾਂ ਇਸ ਪ੍ਰੋਗਰਾਮ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਇਸ ਸਭਿਆਚਾਰਕ ਤਿਉਹਾਰ ਦੀ ਸਮੂਹ ਪੰਜਾਬੀਆਂ ਨੂੰ ਵਧਾਈ ਦਿੱਤੀ। ਕਲਚਰਲ ਪ੍ਰੋਗਰਾਮ ਦੀ ਪੇਸ਼ਕਾਰੀ ਕਰਦਿਆਂ ਸੰਗੀਤ ਵਿਭਾਗ ਦੀ ਵਿਦਿਆਰਥਣ ਰਿਤਿਕਾ ਢਿੱਲੋਂ ਨੇ ਲੋਕ ਗੀਤ ਮਿਰਜ਼ਾ ਦੀ ਪੇਸ਼ਕਾਰੀ ਦਿੱਤੀ। ਜਦਕਿ ਨਾਨ-ਟੀਚਿੰਗ ਸਟਾਫ ਦੀ ਸੰਦੀਪ ਤੇ ਰੇਖਾ ਰਾਣੀ ਨੇ ਡਾਂਸ ਪੇਸ਼ ਕੀਤਾ। ਅੰਡਰਗ੍ਰੈਜੂਏਟ ਪਹਿਲੇ ਸਮੈਸਟਰ ਦੀਆਂ ਵਿਦਿਆਰਥਣਾਂ ਦੁਆਰਾ ਗਰੁੱਪ ਡਾਂਸ ਅਤੇ ਪੰਜਾਬ ਦਾ ਲੋਕ ਨਾਚ ਗਿੱਧਾ ਪੇਸ਼ ਕੀਤਾ ਗਿਆ। ਇਸ ਮੌਕੇ ਕਾਲਜ ਕੈਂਪਸ ਨੂੰ ਪੰਜਾਬੀ ਫੁਲਕਾਰੀਆਂ ਤੇ ਦੁਪੱਟਿਆਂ ਨਾਲ ਸਜਾਇਆ ਗਿਆ ਤੇ ਖੀਰ, ਮਾਲਪੂੜੇ, ਪਕੌੜਿਆਂ ਮਹਿੰਦੀ ਤੇ ਚੂੜੀਆਂ ਆਦਿ ਦੇ ਸਟਾਲ ਲਗਾਏ ਗਏ। ਪ੍ਰੋਗਰਾਮ ਦੌਰਾਨ ਸਭਿਆਚਾਰਕ ਰੰਗ ਵਿਚ ਰੰਗੀ ਪੀਘ ਆਕਰਸ਼ਣ ਦਾ ਮੁੱਖ ਕੇਂਦਰ ਰਹੀ। ਇਸ ਮੌਕੇ ਪ੍ਰੋਗਰਾਮ ਇੰਚਰਾਜ ਪ੍ਰੋ. ਜਸਵਿੰਦਰ ਕੌਰ, ਮੁਖੀ ਜੁਆਲੋਜੀ ਵਿਭਾਗ ਤੇ ਡਾ. ਗਗਨਦੀਪ ਕੌਰ ਨੇ ਸਮੂਹ ਮੁਖੀ, ਆਪਣੇ ਟੀਮ ਅਤੇ ਨਾਨ-ਟੀਚਿੰਗ ਸਟਾਫ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਕਾਲਜ ਦੀ ਗਵਰਨਿੰਗ ਕੌਂਸਲ, ਪ੍ਰਿੰਸੀਪਲ, ਸਟਾਫ ਅਤੇ ਸਮੂਹ ਵਿਦਿਆਰਥੀਆਂ ਨੂੰ ਵਧਾਈ ਅਤੇ ਸ਼ੁੱਭ ਕਾਮਨਾਵਾਂ ਦਿੱਤੀਆਂ। ਪ੍ਰੋ. ਪ੍ਰੀਤੀ ਨੇ ਮੰਚ ਸੰਚਾਲਨ ਬਾਖ

6-Aug-PAGE- 6.qxd 8/5/2023 10:37 PM Page 2

You are the love and light that continues to watch over us

नास्ति मातृसमा छाया नास्ति मातृसमा गतिः।
नास्ति मातृसमं ताप्रं नास्ति मातृसमा पप्रा॥

In loving memory of our beloved beeji

Smt. Maya Devi

Wife of Late Shri. Nohar Chand Gupta

18 April 1935 - 25 July 2023

A true inspiration to humanity,
our mother has left for her heavenly abode.

PRAYER MEET

6 AUGUST 2023, SUNDAY

02:00 PM - 03:00 PM
Maharaja Grand
Ferozepur Road, Ludhiana

Madhu & Rajinder Gupta
Gayatri, Abhishek & Vihaan Gupta
Neha, Ishaan & Tarini Bector

Dimple & Varinder Gupta
Aditi, Vikas & Miraya Gupta
Abhiraj Gupta

Ashutosh & Simran Katyal

Fondly remembered by : Guptas, Gargs, Jains, Mittals, Bectors, Aggarwals & Dewans

TRIDENTGROUP®

IOL

6-AUG-PAGE-4.qxd 8/5/2023 10:21 PM Page 1

ਸਿਕੰਦਰਪੁਰ ਖੇਤੀਬਾੜੀ ਸਭਾ ਦੇ ਦਫ਼ਤਰ ਨੂੰ ਕਿਸਾਨਾਂ ਨੇ ਲਗਾਇਆ ਜਿੰਦਾ

■ ਸਭਾ ਦੇ ਨਵੇਂ ਸਕੱਤਰ ਦੀ ਨਿਯੁਕਤੀ ਦਾ ਵਿਵਾਦ ਭਖਿਆ

ਨਵ-ਨਿਯੁਕਤ ਸਕੱਤਰ ਦਾ ਵਿਰੋਧ ਕਰਦੇ ਹੋਏ ਪਿੰਡਾਂ ਦੇ ਕਿਸਾਨ (ਸੱਜੇ) ਇਮਾਰਤ ਨੂੰ ਲਗਾਇਆ ਤਾਲ਼ਾ।

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)

ਸਤਲੁਜ ਦਰਿਆ ਕਿਨਾਰੇ 7 ਪਿੰਡਾਂ ਦੇ ਕਿਸਾਨਾਂ ਲਈ ਬਣੀ ਦਿ ਸਿਕੰਦਰਪੁਰ ਖੇਤੀਬਾੜੀ ਬਹੁਮੰਤਵੀ ਸਹਿਕਾਰੀ ਸਭਾ ਵਿੱਚ ਨਿਯੁਕਤ ਕੀਤੇ ਗਏ ਨਵੇਂ ਸਕੱਤਰ ਨੂੰ ਲੈ ਕੇ ਉੱਠਿਆ ਵਿਵਾਦ ਸ਼ੁੱਕਰਵਾਰ ਹੋਰ ਭਖ ਗਿਆ, ਜਦੋਂ ਕਿਸਾਨਾਂ ਨੇ ਇਸ ਦੇ ਵਿਰੋਧ ਵਿੱਚ ਸਭਾ ਦੀ ਇਮਾਰਤ ਨੂੰ ਤਾਲਾ ਲਗਾ ਦਿੱਤਾ। ਅੱਜ ਭਾਰੀ ਗਿਣਤੀ 'ਚ ਸਵੇਰੇ ਹੀ ਖੇਤੀਬਾੜੀ ਸਭਾ ਦੇ ਦਫ਼ਤਰ ਅੱਗੇ ਕਿਸਾਨ ਇਕੱਠੇ ਹੋ ਗਏ, ਜਿਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇੱਥੇ ਜੋ ਸਕੱਤਰ ਨਿਯੁਕਤ ਕੀਤਾ ਗਿਆ ਹੈ, ਉਸ ਦੀ ਚੋਣ ਨਿਰਪੱਖ ਢੰਗ ਨਾਲ ਨਹੀਂ ਹੋਈ, ਬਲਕਿ ਉਸ ਸਮੇਂ ਨਿਯੁਕਤ ਸਭਾ ਦੇ 8 ਡਾਇਰੈਕਟਰਾਂ ਨੂੰ ਗੁੰਮਰਾਹ ਕਰਕੇ ਇਹ ਚੋਣ ਕਰ ਲਈ ਗਈ। ਕਿਸਾਨਾਂ ਨੇ ਕਿਹਾ ਕਿ ਉਨ੍ਹਾਂ ਵੱਲੋਂ ਇਸ ਨਿਯੁਕਤੀ ਖਿਲਾਫ਼ ਸਹਿਕਾਰਤਾ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਸ਼ਿਕਾਇਤਾਂ ਦੇ ਕੇ ਮੰਗ ਕੀਤੀ ਸੀ ਕਿ ਇਸ ਸਕੱਤਰ ਨੂੰ ਹਟਾ ਕੇ ਪਾਰਦਰਸ਼ੀ ਢੰਗ ਨਾਲ ਚੋਣ ਕਰਾਈ ਜਾਵੇ, ਪਰ ਸਾਡੀ ਕੋਈ ਸੁਣਵਾਈ ਨਹੀਂ ਹੋਈ, ਜਿਸ ਕਾਰਨ ਅੱਜ ਉਨ੍ਹਾਂ ਇਕੱਠੇ ਹੋ ਕੇ ਸਭਾ ਦੇ ਦਫ਼ਤਰ ਨੂੰ ਤਾਲਾ ਲਗਾ ਦਿੱਤਾ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਕਿਸਾਨਾਂ ਲਈ ਬਣੀ ਇਸ ਖੇਤੀਬਾੜੀ ਸਭਾ ਵਿੱਚ ਸਕੱਤਰ ਦੀ ਪਹਿਲੀ ਨਿਯੁਕਤੀ ਰੱਦ ਕਰ ਨਵੀਂ ਚੋਣ ਕੀਤੀ ਜਾਵੇ। ਜੇਕਰ ਉਨ੍ਹਾਂ ਦੀ ਸੁਣਵਾਈ ਨਾ ਹੋਈ ਤਾਂ ਉਹ ਆਉਣ ਵਾਲੇ ਸਮੇਂ ਵਿੱਚ ਸਰਕਾਰੀ ਦਫ਼ਤਰਾਂ ਦੇ ਬਾਹਰ ਧਰਨੇ ਲਗਾ ਕੇ ਘਿਰਾਓ ਕਰਨਗੇ। ਇਸ ਸਬੰਧੀ ਖੇਤੀਬਾੜੀ ਸਭਾ ਦੇ ਨਿਯੁਕਤ ਸਕੱਤਰ ਦਵਿੰਦਰ ਸਿੰਘ ਨੇ ਕਿਹਾ ਕਿ ਉਸ ਦੀ ਜੋ ਚੋਣ ਹੋਈ ਹੈ, ਉਹ ਸਭਾ ਦੇ ਨਿਯੁਕਤ ਕੀਤੇ ਡਾਇਰੈਕਟਰਾਂ ਤੇ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਹੋਈ ਹੈ।

ਪੰਜ ਦਿਨ ਦਾ ਹਫਤਾ ਕਰਨ ਲਈ ਵਕੀਲਾਂ ਵੱਲੋਂ ਹੜਤਾਲ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)

ਬਾਰ ਐਸੋਸੀਏਸ਼ਨ ਸਮਾਣਾ ਦੀ ਐਗਜ਼ੈਕਟਿਵ ਬਾਡੀ ਦੀ ਇੱਕ ਵਿਸ਼ੇਸ਼ ਮੀਟਿੰਗ ਬਾਰ ਦੇ ਪ੍ਰਧਾਨ ਹਰਸਿਮਰਨਪਾਲ ਸਿੰਘ ਤੱਲਾ ਦੀ ਅਗਵਾਈ ਹੇਠ ਹੋਈ। ਇਸ ਮੀਟਿੰਗ 'ਚ ਬਾਰ ਐਸੋਸੀਏਸ਼ਨ ਸਮਾਣਾ ਦੇ ਮੀਤ ਪ੍ਰਧਾਨ ਐਡਵੋਕੇਟ ਹਰਤੇਜ ਸਿੰਘ ਸੰਧੂ, ਸੈਕਟਰੀ ਐਡਵੋਕੇਟ ਗੁਰਜੋਤ ਸਿੰਘ ਵਿਰਕ, ਜੁਆਇੰਟ ਸੈਕਟਰੀ ਐਡਵੋਕੇਟ ਨਵਜੋਤ ਗਰਗ, ਕੈਸ਼ੀਅਰ ਐਡਵੋਕੇਟ ਪ੍ਰਿਥਪਾਲ ਸਿੰਘ ਰਵੇਲ, ਲਾਇਬ੍ਰੇਰੀਅਨ ਐਡਵੋਕੇਟ ਜਗਮੀਤ ਕੌਰ, ਕਾਰਜਕਾਰੀ ਮੈਂਬਰ ਐਡਵੋਕੇਟ ਸਿਵ ਚਰਨ ਵਰਤੀਆ, ਐਡਵੋਕੇਟ ਯੁਵਰਾਜ ਸਿੰਘ ਵੜੈਚ, ਐਡਵੋਕੇਟ ਖਵਾਬ ਸੋਨੀ ਤੋਂ ਇਲਾਵਾ ਬਾਰ ਮੈਂਬਰ ਐਡਵੋਕੇਟ ਜਸਵੀਰ ਸਿੰਘ, ਐਡਵੋਕੇਟ ਵਿਪਨ ਬਾਂਸਲ, ਐਡਵੋਕੇਟ ਲਵਲੀ ਗਰਗ, ਐਡਵੋਕੇਟ ਜੀ ਐਸ ਗੋਲਣ ਤੋਂ ਇਲਾਵਾ ਮੈਂਬਰ ਹਾਜ਼ਰ ਸਨ। ਮੀਟਿੰਗ 'ਚ ਪੰਜਾਬ ਦੀਆਂ ਅਦਾਲਤਾਂ 'ਚ ਕੰਮ ਕਰਨ ਲਈ ਪੰਜ ਦਿਨ ਦਾ ਹਫਤਾ ਕਰਨ ਦੀ ਲਟਕਦੀ ਆ ਰਹੀ ਮੰਗ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ ਕਿ ਜਦੋਂ ਤੱਕ ਪੰਜਾਬ ਦੀਆਂ ਅਦਾਲਤਾਂ 'ਚ ਕੰਮ ਕਰਨ ਦਾ ਹਫਤਾ ਪੰਜ ਦਿਨ ਦਾ ਨਹੀਂ ਹੋ ਜਾਂਦਾ, ਉਸ ਵਕਤ ਤੱਕ ਹਰ ਸਨਿਚਰਵਾਰ ਹੜਤਾਲ ਕਰਕੇ ਅਦਾਲਤਾਂ ਦਾ ਕੰਮ ਬੰਦ ਰੱਖਿਆ ਜਾਵੇਗਾ। ਇਸ ਮੌਕੇ ਬਾਰ ਐਸੋਸੀਏਸ਼ਨ ਸਮਾਣਾ ਨੇ ਸਰਕਾਰ ਪਾਸੋਂ ਮੰਗ ਕੀਤੀ ਕਿ ਪੰਜਾਬ ਦੀਆਂ ਅਦਾਲਤਾਂ 'ਚ ਕੰਮ ਕਰਨ ਲਈ ਪੰਜ ਦਿਨ ਦਾ ਹਫਤਾ ਕਰ ਦਿੱਤਾ ਜਾਵੇ, ਤਾਂ ਜੋ ਲੋਕਾਂ ਦੇ ਹੜਤਾਲ ਕਾਰਨ ਹੁੰਦੇ ਨੁਕਸਾਨ ਨੂੰ ਬਚਾਇਆ ਜਾ ਸਕੇ।

ਮੈਡੀਕਲ ਪ੍ਰੈਕਟੀਸ਼ਨਰਾਂ ਵੱਲੋਂ ਨਸ਼ਿਆਂ ਖਿਲਾਫ ਵਿੱਢੇ ਹਰ ਸੰਘਰਸ਼ ਦੀ ਹਮਾਇਤ

■ ਗੁਰਜੀਤ ਬਰੇ ਬਲਾਕ ਬੁਢਲਾਡਾ ਦੇ ਮੁੜ ਪ੍ਰਧਾਨ ਬਣੇ

ਬੁਢਲਾਡਾ (ਅਸ਼ੋਕ ਲਾਕੜਾ)-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਬਲਾਕ ਬੁਢਲਾਡਾ ਦਾ ਡੈਲੀਗੇਟ ਅਜਲਾਸ ਕਾਲੀ ਮਾਤਾ ਮੰਦਰ ਵਿਖੇ ਬਲਾਕ ਪ੍ਰਧਾਨ ਗੁਰਜੀਤ ਸਿੰਘ ਬਰੇ ਦੀ ਪ੍ਰਧਾਨਗੀ ਹੇਠ ਸੰਪਨ ਹੋਇਆ। ਆਜਲਾਸ ਵਿੱਚ ਬਲਾਕ ਦੇ ਸਮੂਹ ਸਾਥੀਆਂ ਨੇ ਵੱਡੀ ਗਿਣਤੀ 'ਚ ਸ਼ਮੂਲੀਅਤ ਕੀਤੀ। ਅਜਲਾਸ ਵਿੱਚ ਵਿਸ਼ੇਸ਼ ਤੌਰ 'ਤੇ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ, ਸੂਬਾ ਕਮੇਟੀ ਮੈਂਬਰ ਤਾਰਾ ਚੰਦ ਭਾਵਾ, ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਸੱਤਪਾਲ ਰਿਸ਼ੀ, ਚੇਅਰਮੈਨ ਰਘਵੀਰ ਚੰਦ ਸ਼ਰਮਾ, ਸਕੱਤਰ ਸਿਮਰਜੀਤ ਗਾਗੋਵਾਲ, ਕੈਸ਼ੀਅਰ ਅਮਰੀਕ ਸਿੰਘ ਮਾਖਾ ਤੇ ਮਨਮੰਦਰ ਸਿੰਘ ਨੇ ਸ਼ਮੂਲੀਅਤ ਕੀਤੀ। ਬਲਾਕ ਸਕੱਤਰ ਗਮਦੂਰ ਸਿੰਘ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਪਿਛਲੇ ਸਮੇਂ ਵਿੱਛੜੇ ਜਥੇਬੰਦੀ ਦੇ ਆਗੂਆਂ ਤੇ ਪਰਿਵਾਰਕ ਮੈਂਬਰਾਂ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ ਤੇ ਸ਼ਾਮਲ ਆਗੂਆਂ ਵੱਲੋਂ ਜਥੇਬੰਦੀ ਦਾ ਝੰਡਾ ਲਹਿਰਾਇਆ ਗਿਆ। ਸੂਬਾ ਪ੍ਰਧਾਨ ਧੰਨਾ ਮੱਲ ਗੋਇਲ ਤੇ ਜ਼ਿਲ੍ਹਾ ਪ੍ਰਧਾਨ ਸੱਤਪਾਲ ਰਿਸ਼ੀ ਨੇ ਪਿਛਲੇ ਸਮੇਂ ਬਲਾਕ ਵੱਲੋਂ ਕੀਤੀਆਂ ਗਈਆਂ ਸਰਗਰਮੀਆਂ ਤੇ ਸਮਾਜ ਸੇਵੀ ਸੰਸਥਾਵਾਂ ਨਾਲ ਮਿਲ ਕੇ ਕੀਤੇ ਸਮਾਜ ਭਲਾਈ ਕਾਰਜਾਂ ਦੀ ਵੀ ਸ਼ਲਾਘਾ ਕੀਤੀ। ਸਕੱਤਰ ਰਿਪੋਰਟ ਬਲਾਕ ਸਕੱਤਰ ਗਮਦੂਰ ਸਿੰਘ ਦੋਦੜਾ ਤੇ ਵਿੱਤ ਰਿਪੋਰਟ ਵਿੱਤ ਸਕੱਤਰ ਸ਼ਿਸ਼ਨ ਗੋਇਲ ਵੱਲੋਂ ਪੇਸ਼ ਕੀਤੀ ਗਈ, ਜੋ ਬਹਿਸ ਉਪਰੰਤ ਸਰਬ ਸੰਮਤੀ ਨਾਲ ਪਾਸ ਕੀਤੀ ਗਈ। ਬਲਾਕ ਪ੍ਰਧਾਨ ਗੁਰਜੀਤ ਸਿੰਘ ਬਰੇ ਵੱਲੋਂ ਪ੍ਰਧਾਨਗੀ ਭਾਸ਼ਣ ਦਿੰਦਿਆਂ ਆਪਣੇ ਕਾਰਜਕਾਲ ਦੌਰਾਨ ਬਲਾਕ ਦੇ ਸਮੂਹ ਸਾਥੀਆਂ ਵੱਲੋਂ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ ਤੇ ਭਵਿੱਖ ਵਿੱਚ ਨਵੀਂ ਸੁਹਿਰਦ ਟੀਮ ਚੁਣਨ ਲਈ ਪ੍ਰੇਰਦਿਆਂ ਪੁਰਾਣੀ ਕਮੇਟੀ ਭੰਗ ਕੀਤੀ। ਪਹੁੰਚੇ ਆਗੂਆਂ ਵੱਲੋਂ ਨਵੀਂ ਕਮੇਟੀ ਚੁਣੀ ਗਈ, ਜਿਸ ਵਿੱਚ ਸਰਬਸੰਮਤੀ ਨਾਲ ਪ੍ਰਧਾਨ ਗੁਰਜੀਤ ਸਿੰਘ ਬਰੇ, ਸਰਪ੍ਰਸਤ ਨਛੱਤਰ ਸਿੰਘ ਸੋਖੋਂ, ਸਕੱਤਰ ਬੂਟਾ ਸਿੰਘ ਦਾਤੇਵਾਸ, ਕੈਸ਼ੀਅਰ ਨਾਇਬ ਸਿੰਘ ਅਹਿਮਦਪੁਰ, ਚੇਅਰਮੈਨ ਰਮਜਾਨ ਖਾਨ, ਸੀਨੀਅਰ ਵਾਈਸ ਪ੍ਰਧਾਨ ਲੱਖਾ ਸਿੰਘ ਹਸਨਪੁਰ, ਵਾਈਸ ਪ੍ਰਧਾਨ ਕਮਲਜੀਤ ਕੌਰ, ਸਲਾਹਕਾਰ ਰਾਮ ਸਿੰਘ ਗੁਰਨੇ, ਪ੍ਰੈੱਸ ਸਕੱਤਰ ਪ੍ਰਕਾਸ਼ ਸਿੰਘ, ਸਹਾਇਕ ਪ੍ਰੈੱਸ ਸਕੱਤਰ ਸ਼ਿਸ਼ਨ ਗੋਇਲ, ਸਹਾਇਕ ਸਕੱਤਰ ਜਗਜੀਤ ਸਿੰਘ ਗੜੱਦੀ, ਸਹਾਇਕ ਕੈਸ਼ੀਅਰ ਅਕਬਰ ਟੋਨੀ ਆਦਿ ਚੁਣੇ ਗਏ। ਉਪਰੰਤ ਸਰਬ ਸੰਮਤੀ ਨਾਲ ਨਸ਼ਿਆਂ ਤੇ ਭਰੂਣ ਹੱਤਿਆ ਖਿਲਾਫ ਵਿੱਢੇ ਹਰ ਸੰਘਰਸ਼ ਦੀ ਹਮਾਇਤ ਕਰਨ ਸਬੰਧੀ ਮਤੇ ਪਾਸ ਕੀਤੇ। ਨਵੀਂ ਕਮੇਟੀ ਵੱਲੋਂ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਸੂਬਾ ਕਮੇਟੀ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਵੱਲੋਂ ਉਲੀਕੇ ਕਾਰਜਾਂ ਨੂੰ ਤਨਦੇਹੀ ਨਾਲ ਨੇਪਰੇ ਚਾੜ੍ਹਿਆ ਜਾਵੇਗਾ। ਸਟੇਜ ਸਕੱਤਰ ਦੀ ਭੂਮਿਕਾ ਸਾਥੀ ਪ੍ਰਕਾਸ਼ ਸਿੰਘ ਤੇ ਮਨਮੰਦਰ ਸਿੰਘ ਨੇ ਬਾਖੂਬੀ ਨਿਭਾਈ।

ਕਾਤਰਾਂ

ਏ ਐੱਸ ਆਈ ਸੁਖਦੇਵ ਸਿੰਘ ਬਣੇ ਸਬ-ਇੰਸਪੈਕਟਰ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ)-ਏ ਐੱਸ ਆਈ ਸੁਖਦੇਵ ਸਿੰਘ, ਜੋ ਆਪਣੀ ਡਿਊਟੀ ਜ਼ਿਲ੍ਹਾ ਇੰਚਾਰਜ ਟ੍ਰੈਫਿਕ ਸ੍ਰੀ ਮੁਕਤਸਰ ਸਾਹਿਬ ਵਿਖੇ ਨਿਭਾਅ ਰਹੇ ਹਨ, ਨੂੰ ਵਧੀਆ ਡਿਊਟੀ ਤੇ ਵਧੀਆ ਕਾਰਜਸ਼ੈਲੀ ਲਈ ਏ.ਐੱਸ.ਆਈ. ਤੋਂ ਸਬ-ਇੰਸਪੈਕਟਰ ਪੱਦਉਨਤ ਕੀਤਾ ਗਿਆ। ਇਸ ਮੌਕੇ ਹਰਮਨਬੀਰ ਸਿੰਘ ਗਿੱਲ ਐੱਸ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਨੇ ਸਬ-ਇੰਸਪੈਕਟਰ ਦੇ ਸਟਾਰ ਲਗਾ ਕੇ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ ਅਤੇ ਆਉਣ ਵਾਲੇ ਚੰਗੇ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਐੱਸ ਆਈ ਦਵਿੰਦਰ ਸਿੰਘ ਰੀਡਰ ਐੱਸ.ਐੱਸ.ਪੀ. ਹਾਜ਼ਰ ਸਨ।

ਆਯੂਸ਼ਮਾਨ ਕਾਰਡ ਬਣਾਉਣ ਲਈ ਕੈਂਪ ਅੱਜ ਤੇ ਕੱਲ੍ਹ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਿਵਲ ਸਰਜਨ ਲੁਧਿਆਣਾ ਡਾ. ਹਤਿੰਦਰ ਕੌਰ ਦੇ ਦਿਸ਼ਾ-ਨਿਰਦੇਸ਼ਾਂ ਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਜਸਦੇਵ ਸਿੰਘ ਦੀ ਅਗਵਾਈ ਹੇਠ ਸਿਹਤ ਬਲਾਕ ਮਾਛੀਵਾੜਾ ਸਾਹਿਬ ਦੇ ਵੱਖ-ਵੱਖ ਪਿੰਡਾਂ ਵਿੱਚ ਆਯੂਸ਼ਮਾਨ ਭਾਰਤ ਜਾਗਰੂਕਤਾ ਵੈਨ 6 ਤੇ 7 ਅਗਸਤ ਨੂੰ ਆ ਰਹੀ ਹੈ, ਜਿਸ ਵੱਲੋਂ ਯੋਗ ਲਾਭਪਾਤਰੀਆਂ ਦੇ ਕਾਰਡ ਬਣਾਉਣ ਲਈ ਕੈਂਪ ਲਾਏ ਜਾਣਗੇ। ਐੱਸ ਐੱਮ ਓ ਡਾ. ਜਸਦੇਵ ਸਿੰਘ ਨੇ ਲੋਕਾਂ ਨੂੰ ਸੱਦਾ ਦਿੰਦੇ ਹੋਏ ਕਿਹਾ ਕਿ ਉਹ ਵੱਧ ਤੋਂ ਵੱਧ ਆਯੂਸ਼ਮਾਨ ਭਾਰਤ ਸਿਹਤ ਬੀਮਾ ਯੋਜਨਾ ਕਾਰਡ ਬਣਵਾ ਕੇ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਿਹਤ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਪਾਉਣ। ਬਲਾਕ ਐਜੂਕੇਟਰ ਪਰਦੀਪ ਸਿੰਘ ਨੇ ਕਿਹਾ ਕਿ ਕਾਰਡ ਬਣਵਾਉਣ ਲਈ ਲਾਭਪਾਤਰੀ ਆਪਣੇ ਨਾਲ ਰਾਸ਼ਨ ਕਾਰਡ, 'ਜੇ' ਫਾਰਮ ਜਾਂ ਲੇਬਰ ਕਾਰਡ ਤੇ ਆਧਾਰ ਕਾਰਡ ਲੈ ਕੇ ਜ਼ਰੂਰ ਆਉਣ। ਉਨ੍ਹਾ ਦੱਸਿਆ ਕਿ ਪਿੰਡ ਹੰਬੋਵਾਲ ਬੇਟ ਤੇ ਛੌੜੀਆਂ ਦੇ ਸਿਹਤ ਕੇਂਦਰਾਂ ਵਿਖੇ 6 ਅਗਸਤ ਨੂੰ ਤੇ ਲੁਬਾਣਗੜ੍ਹ ਤੇ ਤੱਖਰਾਂ ਦੇ ਸਿਹਤ ਕੇਂਦਰਾਂ 'ਚ 7 ਅਗਸਤ ਨੂੰ ਯੋਗ ਲਾਭਪਾਤਰੀਆਂ ਦੇ ਆਯੂਸ਼ਮਾਨ ਕਾਰਡ ਬਣਾਏ ਜਾਣਗੇ।

ਪ੍ਰਧਾਨ ਮੰਤਰੀ ਵੱਲੋਂ ਰੇਲਵੇ ਸਟੇਸ਼ਨਾਂ ਦਾ ਉਦਘਾਟਨ ਅੱਜ

ਮਲੋਟ (ਗੁਰਮੀਤ ਸਿੰਘ ਮੱਕੜ)-ਅਮ੍ਰਿਤ ਭਾਰਤ ਸਟੇਸ਼ਨ ਯੋਜਨਾ ਦੇ ਤਹਿਤ 508 ਰੇਲਵੇ ਸਟੇਸ਼ਨਾਂ ਦਾ ਉਦਘਾਟਨ ਦੇਸ਼ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਵੱਲੋਂ 6 ਅਗਸਤ ਨੂੰ ਸਵੇਰੇ 9.30 ਵਜੇ ਵੀਡੀਓ ਕਾਨਫ਼ਰੰਸਿੰਗ ਰਾਹੀਂ ਕੀਤਾ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਟੇਸ਼ਨ ਮਾਸਟਰ ਰਾਜਬੀਰ ਨੇ ਦੱਸਿਆ ਕਿ ਇਸ ਵਿੱਚ ਸ਼੍ਰੀ ਮੁਕਤਸਰ ਸਾਹਿਬ ਦਾ ਰੇਲਵੇ ਸਟੇਸ਼ਨ ਵੀ ਸ਼ਾਮਲ ਹੈ। ਉਨ੍ਹਾ ਦੱਸਿਆ ਕਿ ਇਸ ਉਦਘਾਟਨ ਸਮਾਗਮ ਮੌਕੇ ਪ੍ਰਧਾਨ ਮੰਤਰੀ ਦੇ ਨਾਲ ਸ਼੍ਰੀ ਅਸ਼ਵਨੀ ਵੈਸ਼ਨਵ ਕੇਂਦਰੀ ਰੇਲ, ਸੰਚਾਰ ਤੇ ਇਲੈਕਟ੍ਰੋਨਿਕਸ ਅਤੇ ਸੂਚਨਾ ਮੰਤਰੀ, ਸ਼੍ਰੀ ਰਾਵਸਾਹਿਬ ਪਾਟਿਲ ਦਾਨਵੇ ਰੇਲ, ਕੋਲਾ ਤੇ ਖਾਨ ਰਾਜ ਮੰਤਰੀ ਭਾਰਤ ਸਰਕਾਰ, ਸ਼੍ਰੀਮਤੀ ਦਰਸ਼ਨਾ ਜਰਦੋਸ਼ ਰੇਲ ਤੇ ਵਸਤਰ ਰਾਜ ਮੰਤਰੀ ਭਾਰਤ ਸਰਕਾਰ ਹਾਜ਼ਰ ਰਹਿਣਗੇ।

ਰਾਹੁਲ ਦੇ ਹੱਕ 'ਚ ਫੈਸਲਾ ਲੋਕਤੰਤਰ ਦੀ ਵੱਡੀ ਜਿੱਤ : ਸੱਭਰਵਾਲ ਫੀਨਾ

ਜਗਰਾਓਂ (ਅਮਿਤ ਖੰਨਾ)-ਮਾਣਯੋਗ ਸੁਪਰੀਮ ਕੋਰਟ ਵੱਲੋਂ ਕੁੱਲ ਹਿੰਦ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦੇ ਹੱਕ ਵਿੱਚ ਦਿੱਤਾ ਗਿਆ ਇਤਿਹਾਸਕ ਫੈਸਲਾ ਲੋਕਤੰਤਰ ਦੀ ਵੱਡੀ ਜਿੱਤ ਹੈ, ਜਿਸ ਨਾਲ ਜਿੱਥੇ ਸਮੁੱਚੇ ਕਾਂਗਰਸੀਆਂ ਵਿੱਚ ਖੁਸ਼ੀ ਦੀ ਲਹਿਰ ਹੈ, ਉੱਥੇ ਕੇਂਦਰ ਦੀ ਮੋਦੀ ਸਰਕਾਰ ਨੂੰ ਮੂੰਹ ਦੀ ਖਾਣੀ ਪਈ ਹੈ। ਉਕਤ ਸ਼ਬਦਾਂ ਦਾ ਪ੍ਰਗਟਾਵਾ ਬਲਾਕ ਕਾਂਗਰਸ ਜਗਰਾਓਂ (ਸ਼ਹਿਰੀ) ਦੇ ਪ੍ਰਧਾਨ ਤੇ ਸੀਨੀਅਰ ਕਾਂਗਰਸੀ ਆਗੂ ਰਵਿੰਦਰ ਸੱਭਰਵਾਲ ਫੀਨਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ। ਇਸ ਸਮੇਂ ਕਾਂਗਰਸੀ ਆਗੂ ਫੀਨਾ ਨੇ ਕਿਹਾ ਕਿ ਰਾਹੁਲ ਗਾਂਧੀ ਦੇਸ਼ ਦੇ ਸਮੂਹ ਵਰਗਾਂ ਦੇ ਲੋਕ ਆਗੂ ਤੇ ਦਰਵੇਸ਼ ਸਿਆਸਤਦਾਨ ਹਨ, ਜੋ ਲੰਬੇ ਸਮੇਂ ਤੋਂ ਮੋਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ ਦੇਸ਼ ਦੀ ਲੜਾਈ ਲੜ ਰਹੇ ਹਨ। ਉਨ੍ਹਾ ਕਿਹਾ ਕਿ ਅੱਜ ਲੋਕਤੰਤਰ 'ਚ ਲੋਕਾਂ ਦੀ ਅਵਾਜ਼ ਬੁਲੰਦ ਕਰਨ ਵਾਲੇ ਰਾਹੁਲ ਗਾਂਧੀ ਖਿਲਾਫ ਭਾਜਪਾ ਨੇ ਸਾਜ਼ਿਸ਼ ਰਚ ਕੇ ਅਦਾਲਤ 'ਚ ਮੋਦੀ ਸਰਨੇਮ ਵਾਲਾ ਝੂਠਾ ਕੇਸ ਦਰਜ ਕਰਵਾਇਆ ਸੀ, ਜਿਸ ਦੇ ਬਾਅਦ ਰਾਹੁਲ ਗਾਂਧੀ ਦੀ ਲੋਕ ਸਭਾ ਮੈਂਬਰੀ ਰੱਦ ਹੋ ਗਈ ਸੀ, ਪਰ ਅੱਜ ਸੁਪਰੀਮ ਕੋਰਟ ਵੱਲੋਂ ਰਾਹੁਲ ਗਾਂਧੀ ਦੇ ਹੱਕ ਵਿੱਚ ਫੈਸਲਾ ਦਿੰਦੇ ਹੋਏ ਵੱਡੀ ਰਾਹਤ ਦਿੱਤੀ ਹੈ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਹੁਣ ਪਹਿਲਾਂ ਦੀ ਤਰ੍ਹਾਂ ਸੰਸਦ 'ਚ ਲੋਕਾਂ ਦੇ ਹੱਕ ਵਿੱਚ ਅਵਜ਼ਜ ਬੁਲੰਦ ਕਰਦੇ ਰਹਿਣਗੇ।

ਮਜ਼ਦੂਰ ਵਿਰੋਧੀ ਨੀਤੀਆਂ ਖਿਲਾਫ ਪ੍ਰਦਰਸ਼ਨ 9 ਨੂੰ

ਧੂਰੀ (ਸੁਖਦੇਵ ਧੂਰੀ)-ਕੇਂਦਰੀ ਟਰੇਡ ਯੂਨੀਅਨਾਂ ਦੇ ਸੱਦੇ 'ਤੇ ਕਿਰਤ ਕਾਨੂੰਨਾਂ ਨੂੰ ਤੋੜ ਕੇ ਬਣਾਏ 4 ਲੇਬਰ ਕੋਡਾਂ ਨੂੰ ਵਾਪਸ ਲੈਣ, ਵਧ ਰਹੀ ਮਹਿੰਗਾਈ ਨਾਲ ਮਜ਼ਦੂਰ ਜਮਾਤ ਦਾ ਦਮ ਘੁੱਟਣ ਕਾਰਨ ਮੰਹਿਗਾਈ 'ਤੇ ਤੁਰੰਤ ਰੋਕ ਲਾਉਣ ਲਈ, ਸਿਰ ਚੁੱਕ ਰਹੀ ਫਿਰਕਾਪ੍ਰਸਤੀ ਤੇ ਪਨਪ ਰਹੇ ਫਾਸ਼ੀਵਾਦ ਖਿਲਾਫ ਮੈਦਾਨ ਮੱਲਣ ਲਈ ਅਤੇ ਸੰਵਿਧਾਨ ਦੀ ਰਾਖੀ ਖਾਤਰ ਸੰਘਰਸ਼ ਤੇਜ਼ ਕਰਨ ਲਈ ਵੱਖ ਵੱਖ ਟਰੇਡ ਯੂਨੀਅਨਾਂ ਦੀ ਇੱਕ ਵਿਸ

6-AUG-PAGE-5.qxd 8/5/2023 10:20 PM Page 1

ਐੱਕਸਪ੍ਰੈੱਸ ਵੇਅ ਪਿੱਲਰਾਂ 'ਤੇ ਬਣਾਉਣ ਦੀ ਮੰਗ ਨੂੰ ਲੈ ਕੇ ਅਣਮਿੱਥੇ ਸਮੇਂ ਲਈ ਧਰਨਾ

- ਭਾਜਪਾ ਆਗੂ ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਮਿਲਣ ਪੁੱਜੇ
- ਮਾਮਲਾ ਕੇਂਦਰੀ ਮੰਤਰੀ ਦੇ ਧਿਆਨ 'ਚ ਲਿਆ ਕੇ ਹੱਲ ਕਰਨ ਦਾ ਦਿੱਤਾ ਭਰੋਸਾ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਕੇਂਦਰ ਸਰਕਾਰ ਵੱਲੋਂ ਪਰਿਯੋਜਨਾ ਤਹਿਤ ਬਣਾਏ ਜਾ ਰਹੇ ਦਿੱਲੀ-ਅੰਮ੍ਰਿਤਸਰ-ਕੱਟੜਾ ਐਕਸਪ੍ਰੈੱਸ ਵੇਅ ਦੇ ਪਿਛਲੇ ਦਿਨੀਂ ਘੱਗਰ ਦਰਿਆ ਵਿੱਚ ਆਏ ਹੜ੍ਹਾਂ ਦੌਰਾਨ ਪਾਣੀ ਦੀ ਨਿਕਾਸੀ ਵਿੱਚ ਪਏ ਵਿਘਨ ਨੂੰ ਲੈ ਕੇ ਸ਼ੁਤਰਾਣਾ ਇਲਾਕੇ ਦੇ ਕਿਸਾਨਾਂ ਵੱਲੋਂ ਘੱਗਰ ਦੇ ਨਾਲ ਲੱਗਦੇ ਇਲਾਕਿਆਂ ਵਿੱਚੋਂ ਐਕਸਪ੍ਰੈੱਸ ਵੇਅ ਨੂੰ ਪਿੱਲਰਾਂ ਉੱਤੇ ਬਣਾਏ ਜਾਣ ਦੀ ਮੰਗ ਨੂੰ ਲੈ ਕੇ ਸ਼ੁਰੂ ਕੀਤੇ ਗਏ ਅਣਮਿੱਥੇ ਸਮੇਂ ਦੇ ਧਰਨੇ ਵਿੱਚ ਪਹੁੰਚ ਕੇ ਭਾਰਤੀ ਜਨਤਾ ਪਾਰਟੀ ਦੇ ਹਲਕਾ ਇੰਚਾਰਜ ਨਰਾਇਣ ਸਿੰਘ ਨਰਸੋਤ ਤੇ ਯੁਵਾ ਆਗੂ ਸੋਨੂੰ ਮਿੱਤਲ ਨੇ ਪ੍ਰਦਰਸ਼ਨਕਾਰੀ ਕਿਸਾਨਾਂ ਦਾ ਪੱਖ ਸੁਣਿਆ।

ਇਸ ਦੌਰਾਨ ਭਾਜਪਾ ਆਗੂਆਂ ਨੇ ਕਿਸਾਨਾਂ ਨੂੰ ਮਾਮਲਾ ਲੋਕ ਸਭਾ ਮੈਂਬਰ ਸ੍ਰੀਮਤੀ ਪ੍ਰਨੀਤ ਕੌਰ ਦੇ ਧਿਆਨ ਵਿੱਚ ਲਿਆ ਕੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਕੋਲੋਂ ਹੱਲ ਕਰਵਾਉਣ ਦਾ ਭਰੋਸਾ ਦਿੱਤਾ। ਪ੍ਰਦਰਸ਼ਨਕਾਰੀ ਕਿਸਾਨ ਸਰਪੰਚ ਗੁਰਬਾਜ ਸਿੰਘ, ਸਰਿੰਦਰ ਸਿੰਘ, ਸਾਬਕਾ ਸਰਪੰਚ ਸਤਨਾਮ ਸਿੰਘ, ਮੁਖਤਿਆਰ ਸਿੰਘ ਧਰਮਸੋਤ, ਹਰਪਾਲ ਸਿੰਘ ਵੜੈਚ, ਹਰਜਿੰਦਰ ਸਿੰਘ ਬਾਬਾ, ਸਲਵਿੰਦਰ ਸਿੰਘ ਸੈਕਟਰੀ ਤੇ ਅਮਰਜੀਤ ਸਿੰਘ ਵੜੈਚ ਨੇ ਦੱਸਿਆ ਕਿ ਸੜਕ ਦੇ ਨਿਰਮਾਣ ਕੰਮ ਸ਼ੁਰੂ ਹੋਣ ਦੇ ਸਮੇਂ ਤੋਂ ਕਿਸਾਨ ਘੱਗਰ ਦੇ ਦੋਵੇਂ ਸੜਕ ਨੂੰ ਪਿੱਲਰਾਂ ਉੱਤੇ ਬਣਾਉਣ ਦੀ ਮੰਗ ਕਰ ਰਹੇ ਸਨ, ਪਰ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਤੇ ਸਥਾਨਕ ਪ੍ਰਸ਼ਾਸਨ ਨੇ ਉਨ੍ਹਾਂ ਦੀ ਕੋਈ ਗੱਲ ਨਹੀਂ ਸੁਣੀ। ਉਨ੍ਹਾਂ ਕਿਹਾ ਕਿ ਹਲਕਾ ਸ਼ੁਤਰਾਣਾ ਦੇ ਦਰਜਨ ਦੇ ਕਰੀਬ ਪਿੰਡਾਂ ਦੀ ਤਬਾਹੀ ਦਾ ਕਾਰਨ ਐਕਸਪ੍ਰੈੱਸ ਵੇਅ ਬਣਿਆ ਹੈ। ਇਸ ਦੌਰਾਨ ਭਾਜਪਾ ਆਗੂਆਂ ਨੇ ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਲੋਕ ਸਭਾ ਮੈਂਬਰ ਪ੍ਰਨੀਤ ਕੌਰ ਕਿਸਾਨਾਂ ਦੀ ਮੰਗ ਨੂੰ ਲੈ ਕੇ ਦੋ ਅਗਸਤ ਨੂੰ ਕੇਂਦਰੀ ਮੰਤਰੀ ਨੂੰ ਮਿਲ ਚੁੱਕੇ ਹਨ ਤੇ ਇਸ ਮੀਟਿੰਗ ਦੀ ਰਿਪੋਰਟ ਵੀ ਉਹ ਸ੍ਰੀਮਤੀ ਪ੍ਰਨੀਤ ਕੌਰ ਤੱਕ ਪਹੁੰਚਦੀ ਕਰ ਦੇਣਗੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਭਾਜਪਾ ਕਿਸਾਨ ਮੋਰਚੇ ਦੇ ਜ਼ਿਲ੍ਹਾ ਪ੍ਰਧਾਨ ਬਗੀਚਾ ਸਿੰਘ ਦੁਤਾਲ, ਡਾ: ਰੂਜ਼ ਸਿੰਘ ਸਰਕਲ ਪ੍ਰਧਾਨ ਸ਼ੁਤਰਾਣਾ ਭਾਜਪਾ, ਬਲਜੀਤ ਸਿੰਘ ਬੱਲੀ ਸਾਬਕਾ ਸਰਪੰਚ, ਬਿੱਟੂ ਖਾਨੇਵਾਲ, ਜਸਕਰਨ ਸਿੰਘ ਸਕੱਤਰ ਭਾਜਪਾ ਪਟਿਆਲਾ ਸਾਊਥ, ਕਰਨ ਪੰਚਾਇਤ ਮੈਂਬਰ ਸ਼ੁਤਰਾਣਾ, ਗਿਆਨ ਧਾਲੀਵਾਲ ਜ਼ਿਲ੍ਹਾ ਵਾਇਸ ਪ੍ਰਧਾਨ ਕਿਸਾਨ ਮੋਰਚਾ, ਲਵਲੀ ਪਾਤੜਾਂ ਮੈਂਬਰ ਜ਼ਿਲ੍ਹਾ ਕਾਰਜਕਾਰੀ ਕਮੇਟੀ ਭਾਜਪਾ ਪਟਿਆਲਾ ਸਾਊਥ, ਸ਼ਿਵਪਾਲ ਸ਼ੁਤਰਾਣਾ ਜਨਰਲ ਜ਼ਿਲ੍ਹਾ ਸਕੱਤਰ ਐੱਸ ਸੀ ਮੋਰਚਾ ਭਾਜਪਾ ਪਟਿਆਲਾ ਸਾਊਥ, ਬਲਵਿੰਦਰ ਮੰਤਰੀ ਸ਼ੁਤਰਾਣਾ ਆਦਿ ਹਾਜ਼ਰ ਸਨ।

ਪੈਨਸ਼ਨਰਜ਼ ਦੀਆਂ ਮੰਨੀਆਂ ਮੰਗਾਂ ਲਾਗੂ ਨਾ ਕਰਨ ਦੀ ਸਖਤ ਨਿਖੇਧੀ

ਦੋਰਾਹਾ (ਹਰਮਿੰਦਰ ਸੇਠ)-ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੋਰਾਹਾ ਦੀ ਮਹੀਨਾਵਾਰ ਮੀਟਿੰਗ ਪਵਨ ਕੁਮਾਰ ਕੌਸ਼ਲ ਦੀ ਪ੍ਰਧਾਨਗੀ ਹੇਠ ਕ੍ਰਿਸ਼ਨ ਕੁਮਾਰ ਕੌਸ਼ਲ ਯਾਦਗਾਰੀ ਭਵਨ ਦੋਰਾਹਾ ਹੋਈ। ਮੀਟਿੰਗ 'ਚ ਮਨੀਪੁਰ ਅਤੇ ਨੂਹ ਅੰਦਰ ਹੋਈਆਂ ਫਿਰਕੂ, ਹਿੰਸਕ ਅਤੇ ਖੌਫਨਾਕ ਘਟਨਾਵਾਂ ਦੀ ਸਖਤ ਸ਼ਬਦਾਂ 'ਚ ਨਿਖੇਧੀ ਕਰਦਿਆਂ ਇਨ੍ਹਾਂ ਨੂੰ ਦੇਸ਼ ਦੀ ਏਕਤਾ ਅਤੇ ਅਖੰਡਤਾ ਅਤੇ ਭਾਈਚਾਰਕ ਸਾਂਝ ਲਈ ਖਤਰਾ ਦੱਸਦੇ ਹੋਏ ਸਮੂਹ ਲੋਕਾਂ ਨੂੰ ਏਕਤਾ ਬਣਾਈ ਰੱਖਣ ਦੀ ਅਪੀਲ ਕੀਤੀ। ਪੰਜਾਬ ਸਰਕਾਰ ਦੀ ਪੈਨਸ਼ਨਰਜ਼ ਦੀਆਂ ਜਾਇਜ਼ ਅਤੇ ਮੰਨੀਆਂ ਮੰਗਾਂ ਨੂੰ ਲਾਗੂ ਨਾ ਕਰਨ ਪ੍ਰਤੀ ਟਾਲ ਮਟੋਲ ਦੀ ਨੀਤੀ ਦੀ ਘੋਰ ਨਿੰਦਾ ਕਰਦੇ ਹੋਏ ਸਰਕਾਰ ਤੋਂ ਮੰਗਾਂ ਨੂੰ ਛੇਤੀ ਮੰਨਣ ਤੇ ਲਾਗੂ ਕਰਨ ਦੀ ਮੰਗ ਕੀਤੀ। ਵਿੱਤ ਮੰਤਰੀ ਵੱਲੋਂ ਮੁਲਾਜ਼ਮ ਤੇ ਪੈਨਸ਼ਨਰਜ਼ ਜਾਇੰਟ ਫਰੰਟ ਨੂੰ ਵਾਰ ਵਾਰ ਮੀਟਿੰਗ ਦਾ ਸੱਦਾ ਦੇ ਕੇ ਮੀਟਿੰਗਾਂ ਨਾ ਕਰਨ ਦੀ ਸਖਤ ਨਿੰਦਾ ਕਰਦੇ ਹੋਏ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਨੇ ਇੱਕ ਮਤੇ ਰਾਹੀਂ ਸਰਕਾਰ ਤੋਂ ਮੰਗ ਕੀਤੀ ਕਿ ਪੈਨਸ਼ਨਰ ਦੀ ਮੌਤ ਹੋ ਜਾਣ ਪਿੱਛੋਂ ਫੈਮਿਲੀ ਪੈਨਸ਼ਨ 50 ਪ੍ਰਤੀਸ਼ਤ ਕੀਤੀ ਜਾਵੇ। 1.1.2016 ਤੋਂ ਪੈਨਸ਼ਨ ਦੁਹਰਾਈ ਸਮੇਂ ਮਹਿੰਗਾਈ ਭੱਤਾ 113% ਦੀ ਬਜਾਏ 119% ਨਾਲ ਪੈਨਸ਼ਨ ਦੁਹਰਾਈ ਕੀਤੀ ਜਾਵੇ। ਪੈਨਸ਼ਨਰਜ਼ ਦੇ ਲੰਬੇ ਸਮੇਂ ਤੋਂ ਡਾਕਟਰੀ ਇਲਾਜ ਦੇ ਪ੍ਰਤੀ ਪੂਰਤੀ ਲਈ ਦਫਤਰ 'ਚ ਲਟਕਦੇ ਆ ਰਹੇ ਬਿੱਲਾਂ ਦਾ ਛੇਤੀ ਨਿਪਟਾਰਾ ਕੀਤਾ ਜਾਵੇ। ਮੀਟਿੰਗ ਨੂੰ ਗੁਰਦਿਆਲ ਸਿੰਘ ਦਲਾਲ, ਰਣਜੀਤ ਸਿੰਘ ਟਿਵਾਣਾ, ਕਮਲਜੀਤ, ਗੁਰਮੇਲ ਸੈਣੀ, ਦਲੀਪ ਸਿੰਘ, ਰੁਪਿੰਦਰ ਸਿੰਘ, ਪਿਆਰਾ ਸਿੰਘ, ਕਰਮ ਸਿੰਘ ਜਟਾਣਾ ਅਤੇ ਦਰਸ਼ਨ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ।

ਨੰਬਰਦਾਰ ਗੁਰਦੇਵ ਆਲਮਪੁਰ ਵੱਲੋਂ ਨੰਬਰਦਾਰਾਂ ਨੂੰ ਨਸ਼ਿਆਂ ਦੇ ਖਾਤਮੇ ਲਈ ਅੱਗੇ ਆਉਣ ਦੀ ਅਪੀਲ

ਸਮਾਣਾ (ਇਕਬਾਲ ਸਿੰਘ ਬੱਲ)

ਪੰਜਾਬ ਵਿੱਚ ਨਸ਼ਿਆਂ ਦਾ ਮੁੱਦਾ ਅੱਜ ਸਭ ਤੋਂ ਗੰਭੀਰ ਮੁੱਦਾ ਹੈ, ਜਿਸ ਨੂੰ ਖਤਮ ਕਰਨ ਲਈ ਸਭ ਨੂੰ ਮਿਲ ਕੇ ਯਤਨ ਕਰਨੇ ਚਾਹੀਦੇ ਹਨ। ਅੱਜ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਇਸ ਕਾਰਜ ਵਿੱਚ ਵਧੀਆ ਭੂਮਿਕਾ ਨਿਭਾਅ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਨੰਬਰਦਾਰ ਯੂਨੀਅਨ ਰਜਿ 643 ਸਮਰਾ ਦੇ ਐਗਜੀਕਯੁਟੀਵ ਕਮੇਟੀ ਪੰਜਾਬ ਮੈਂਬਰ ਅਤੇ ਜ਼ਿਲ੍ਹਾ ਕਾਰਜਕਾਰੀ ਪ੍ਰਧਾਨ ਨੰਬਰਦਾਰ ਗੁਰਦੇਵ ਸਿੰਘ ਆਲਮਪੁਰ ਰਾਣਾ (ਗੁੱਜਰ) ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਨਸ਼ਾ ਇੱਕ ਗੰਭੀਰ ਸਮੱਸਿਆ ਹੈ। ਜਿਸ ਨੂੰ ਲੈ ਕੇ ਅੱਜ ਸਾਨੂੰ ਸਭ ਨੂੰ ਇਸ ਖਿਲਾਫ ਮਿਲ ਕੇ ਲੜਨਾ ਪਵੇਗਾ। ਉਨ੍ਹਾਂ ਜ਼ਿਲ੍ਹੇ ਭਰ ਦੇ ਨੰਬਰਦਾਰਾਂ ਨੂੰ ਅਪੀਲ ਕੀਤੀ ਕਿ ਉਹ ਵੀ ਇਸ ਲੜਾਈ ਦਾ ਹਿੱਸਾ ਬਨਣ ਅਤੇ ਉਨ੍ਹਾਂ ਦੇ ਪਿੰਡਾਂ ਜੇਕਰ ਕੋਈ ਵੀ ਵਿਅਕਤੀ ਨਸ਼ਿਆਂ ਨਾਲ ਜੁੜਦਾ ਹੈ ਤੇ ਪੁਲਸ ਵੱਲੋਂ ਗ੍ਰਿਫ਼ਤਾਰ ਕੀਤਾ ਜਾਂਦਾ ਹੈ ਤਾਂ ਕਿਸੇ ਵੀ ਨੰਬਰਦਾਰ ਵੱਲੋਂ ਅਜਿਹੇ ਨਸ਼ੇ ਤਸਕਰ ਦੀ ਜ਼ਮਾਨਤ ਨਾ ਕਰਵਾਈ ਜਾਵੇ। ਉਨਾਂ ਅੱਗੇ ਕਿਹਾ ਕਿ ਜੋ ਨੌਜਵਾਨ ਨਸ਼ੇ ਛੱਡ ਕੇ ਆਪਣਾ ਇਲਾਜ ਕਰਵਾਉਣਾ ਚਾਹੁੰਦੇ ਹਨ, ਉਨਾਂ ਨੂੰ ਨੰਬਰਦਾਰ ਵੱਲੋਂ ਅੱਗੇ ਆ ਕੇ ਨਸ਼ਾ ਛੁਡਾਉਣ ਦੀ ਸਹਾਇਤਾ ਕੀਤੀ ਜਾਵੇਗੀ।

ਰੂਪ ਵਾਟਿਕਾ ਸਕੂਲ 'ਚ ਸੱਭਿਆਚਾਰਕ ਪ੍ਰੋਗਰਾਮ

ਜਗਰਾਉਂ (ਅਮਿਤ ਖੰਨਾ)-ਰੂਪ ਵਾਟਿਕਾ ਸਕੂਲ 'ਚ ਆਰਟ ਇੰਟੀਗ੍ਰੇਸ਼ਨ ਪੰਜਾਬ ਅਤੇ ਓਡੀਸ਼ਾ ਰਾਜ ਦਾ ਸੱਭਿਆਚਾਰਕ ਪ੍ਰੋਗਰਾਮ ਮਨਾਇਆ ਗਿਆ। ਇਸ ਵਿੱਚ ਬੱਚਿਆਂ ਨੇ ਐਕਟਿੰਗ, ਭਜਨ, ਪੋਇਮ, ਡ੍ਰਾਮਾ, ਡਾਂਸ, ਪੀ.ਪੀ.ਟੀ ਆਦਿ ਸਭ ਪੇਸ਼ ਕੀਤਾ। ਇਨ੍ਹਾਂ ਸਾਰੀਆਂ ਆਇਟਮਾਂ 'ਚ ਬੱਚਿਆਂ ਨੇ ਪੰਜਾਬ ਅਤੇ ਓਡੀਸ਼ਾ ਦਾ ਸੱਭਿਆਚਾਰ ਪੇਸ਼ ਕੀਤਾ ਇਨ੍ਹਾਂ ਰਾਹੀਂ ਸਾਨੂੰ ਉਨ੍ਹਾਂ ਦਾ ਖਾਣ- ਪਾਣ, ਰਸਮਾਂ -ਰੀਤਾਂ, ਪਹਿਰਾਵਾ ਤੇ ਜਿਊਣ ਦਾ ਢੰਗ ਪਤਾ ਲੱਗਿਆ। ਬੱਚਿਆਂ ਨੇ ਉਨ੍ਹਾਂ ਦੁਆਰਾ ਮਨਾਏ ਜਾਣ ਵਾਲੇ ਤਿਉਹਾਰ ਵੀ ਪੇਸ਼ ਕੀਤੇ। ਪ੍ਰਿੰਸੀਪਲ ਵਿੰਮੀ ਠਾਕੁਰ ਨੇ ਦੱਸਿਆ ਕਿ ਇਸ ਆਰਟ ਇੰਟੀਗ੍ਰੇਸ਼ਨ ਰਾਹੀਂ ਸਾਨੂੰ ਵੱਖ-ਵੱਖ ਰਾਜ ਦੇ ਸੱਭਿਆਚਾਰ ਬਾਰੇ ਪਤਾ ਲੱਗਦਾ ਹੈ। ਉਨ੍ਹਾ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ ਤੇ ਆਉਣ ਵਾਲੇ ਸਮੇਂ 'ਚ ਵੀ ਹਰ ਖੇਤਰ 'ਚ ਹਿੱਸਾ ਲੈਣ ਲਈ ਕਿਹਾ।

ਅਭਿਆਨ ਫਾਊਂਡੇਸ਼ਨ ਨੇ ਮੁਫਤ ਸਿਲਾਈ ਸੈਂਟਰ ਖੋਲ੍ਹਿਆ

ਸੰਗਰੂਰ (ਪ੍ਰਵੀਨ ਸਿੰਘ)-ਅਭਿਆਨ ਫਾਊਂਡੇਸ਼ਨ ਸੰਗਰੂਰ ਵੱਲੋਂ ਪਿੰਡ ਬੁਡਰੁੱਖਾਂ ਵਿਖੇ ਮੁਫਤ ਸਿਲਾਈ ਸੈਂਟਰ ਖੋਲ੍ਹਿਆ ਗਿਆ ਹੈ, ਜਿਸ ਵਿੱਚ ਪਿਛਲੇ ਤਿੰਨ ਮਹੀਨਿਆਂ ਤੋਂ ਲੜਕੀਆਂ ਮੁਫਤ ਸਿਲਾਈ ਤੇ ਕਢਾਈ ਦੀ ਸਿਖਲਾਈ ਲੈ ਰਹੀਆਂ ਹਨ। ਅਭਿਆਨ ਫਾਊਂਡੇਸ਼ਨ ਦੇ ਮੈਨੇਜਰ ਮਨਦੀਪ ਗਰੇਵਾਲ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਔਰਤਾਂ ਨੂੰ ਸਵੈ-ਰੋਜ਼ਗਾਰ ਬਣਾਉਣ ਲਈ ਅਭਿਆਨ ਸ਼ਕਤੀ ਅਜੀਵਿਕਾ ਐੱਸ.ਜੀ.ਆਰ., ਅਭਿਆਨ ਨਾਰੀ ਅਜੀਵਿਕਾ ਐੱਸ.ਜੀ.ਆਰ, ਅਭਿਆਨ ਹੁਨਰ ਅਜੀਵਿਕਾ ਸੈਲਫ ਗਰੁੱਪ ਬਣਾਏ ਗਏ ਹਨ, ਜਿਸ ਵਿੱਚ ਔਰਤਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਇਆ ਜਾਵੇਗਾ, ਤਾਂ ਜੋ ਉਹ ਕੰਮ ਕਰਕੇ ਆਪਣਾ ਤੇ ਆਪਣੇ ਪਰਵਾਰ ਦਾ ਪੇਟ ਪਾਲ ਸਕਣ। ਮੈਡਮ ਸਵੀਤਾ ਗਿੱਲ ਨੇ ਲੇਡੀਜ਼ ਡਰੈੱਸ ਡਿਜ਼ਾਇਨ ਤੇ ਜੈਂਟਸ ਕੱਪੜੇ ਦੇ ਨਾਲ ਪੰਜਾਬੀ ਸੱਭਿਆਚਾਰ 'ਚ ਅਲੋਪ ਹੋ ਚੁੱਕੀ ਫੁਲਕਾਰੀ ਦੀ ਕਢਾਈ ਨੂੰ ਮੁੜ ਸੁਰਜੀਤ ਕਰਨ ਲਈ ਔਰਤਾਂ ਨੂੰ ਫੁਲਕਾਰੀ ਦੀ ਸਿੱਖਿਆ ਦੇ ਰਹੇ ਹਨ, ਤਾਂ ਜੋ ਪੰਜਾਬੀ ਸੱਭਿਆਚਾਰ ਨੂੰ ਅਲੋਪ ਹੋਣ ਤੋਂ ਬਚਾਇਆ ਜਾ ਸਕੇ।

ਰੋਇੰਗ ਮੁਕਾਬਲਿਆਂ 'ਚ ਜੇਤੂ ਖਿਡਾਰਨਾਂ ਦਾ ਸਨਮਾਨ

ਲੌਂਗੋਵਾਲ (ਪ੍ਰਦੀਪ ਸੱਪਲ/ਕੁਲਦੀਪ ਅੱਤਰੀ)-ਨੇੜਲੇ ਪਿੰਡ ਰੱਤੋਕੇ ਦੇ ਸਰਕਾਰੀ ਐਲੀਮੈਂਟਰੀ ਸਕੂਲ ਦੀਆਂ ਵਿਦਿਆਰਥਣਾਂ ਰਹਿ ਚੁੱਕੀਆਂ ਤੇ ਪਿੰਡ ਦੀਆਂ ਜੰਮਪਲ, ਹੋਣਹਾਰ ਧੀਆਂ ਦੇ ਰੋਇੰਗ ਮੁਕਾਬਲਿਆਂ ਵਿੱਚ ਤਮਗੇ ਹਾਸਲ ਕੀਤੇ ਹਨ। ਖਿਡਾਰਨ ਅਮਨਦੀਪ ਕੌਰ ਨੇ ਪੂਰੇ ਭਾਰਤ ਦੇ ਰਾਸ਼ਟਰ ਪੱਧਰੀ ਖੇਲੋ ਇੰਡੀਆ ਦੇ ਰੋਇੰਗ ਮੁਕਾਬਲਿਆਂ ਵਿੱਚ ਇੱਕ ਚਾਂਦੀ ਤੇ ਇੱਕ ਤਾਂਬੇ ਦਾ ਮੈਡਲ ਜਿੱਤ ਕੇ ਪਿੰਡ ਰੱਤੋਕੇ ਦਾ ਨਾਂਅ ਚਮਕਾਇਆ ਹੈ। ਇਸ ਖਿਡਾਰਨ ਦੀ ਪ੍ਰਾਪਤੀ ਤੋਂ ਬਾਅਦ ਇਸੇ ਸਕੂਲ ਦੀਆਂ ਵਿਦਿਆਰਥਣਾਂ ਵੀ ਰਹਿ ਚੁੱਕੀਆਂ ਮਨਦੀਪ ਕੌਰ ਤੇ ਜੈਨਮ ਰਾਣੀ ਵੀ ਬਠਿੰਡਾ ਵਿਖੇ ਹੋਈ ਸੂਬਾ ਪੱਧਰੀ ਰੋਇੰਗ ਚੈਂਪੀਅਨਸ਼ਿੱਪ ਵਿੱਚੋਂ ਕਾਂਸੇ ਦਾ ਤਮਗਾ ਜਿੱਤਿਆ ਹੈ। ਜੇਤੂ ਖਿਡਾਰਣਾਂ ਦੀ ਇਸ ਪ੍ਰਾਪਤੀ 'ਤੇ ਸਰਪੰਚ ਕੁਲਦੀਪ ਕੌਰ, ਸਾਬਕਾ ਸਰਪੰਚ ਸਰਜਾ ਸਿੰਘ, ਕਰਮਜੀਤ ਕੌਰ, ਰੇਣੂ ਸਿੰਗਲਾ, ਚਰਨਜੀਤ ਕੌਰ, ਸੱਤਪਾਲ ਕੌਰ, ਪ੍ਰਦੀਪ ਸਿੰਘ ਤੇ ਮੈਡਮ ਰਣਜੀਤ ਕੌਰ, ਅਧਿਆਪਕ ਸੁਖਪਾਲ ਸਿੰਘ ਤੇ ਸਮੂਹ ਪਿੰਡ ਵਾਸੀਆਂ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ।

ਮਨਰੇਗਾ ਮੇਟਾਂ ਨੇ ਬੀ ਡੀ ਪੀ ਓ ਨੂੰ ਸੌਂਪਿਆ ਮੰਗ ਪੱਤਰ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਮਨਰੇਗਾ ਮੇਟ ਵੈੱਲਫ਼ੇਅਰ ਐਸੋਸੀਏਸ਼ਨ (ਪੰਜਾਬ) ਬਲਾਕ ਸ੍ਰੀ ਮੁਕਤਸਰ ਸਾਹਿਬ ਦੀ ਮੀਟਿੰਗ ਹੋਈ, ਜਿਸ ਵਿੱਚ ਉਨ੍ਹਾਂ ਦੱਸਿਆ ਕਿ ਮਨਰੇਗਾ ਮੇਟਾਂ ਉਪਰ ਵਾਧੂ ਤੋਂ ਦਬਾਅ ਬਣਾਉਣ ਲਈ ਕਈ ਤਰ੍ਹਾਂ ਦੀਆਂ ਕੰਡੀਸ਼ਨਾਂ ਲਾਈਆਂ ਜਾ ਰਹੀਆਂ ਹਨ। ਹਰ ਰੋਜ਼ ਕੋਈ ਨਾ ਕੋਈ ਨਵੀਂ ਲੈਟਰ ਦਫਤਰ ਵੱਲੋਂ ਮੇਟਾਂ ਉਪਰ ਥੋਪੀ ਜਾ ਰਹੀ, ਪਰ ਦਫ਼ਤਰ ਵੱਲੋਂ ਬਿਨਾਂ ਦੱਸੇ ਕਿ ਸਰਕਾਰ ਵੱਲੋਂ ਕੋਈ ਲੈਟਰ ਆਈ ਹੈ, ਉਨ੍ਹਾਂ ਉਪਰ ਕੰਡੀਸ਼ਨਾਂ ਲਾਗੂ ਕਰਨ ਲਈ ਰੋਜ਼ਾਨਾ ਨਵੀਆਂ ਯੋਜਨਾਵਾਂ ਬਣਾ ਕੇ ਮੇਟਾਂ ਨੂੰ ਜ਼ਲੀਲ ਕੀਤਾ ਜਾ ਰਿਹਾ ਹੈ, ਜਦੋਂ ਕਿ ਮੇਟ ਦਾ ਕੰਮ ਸਿਰਫ਼ ਗਰਾਊਂਡ ਲੈਵਲ 'ਤੇ ਲੱਗੀ ਲੇਬਰ ਦੀ ਆਪਣੀ ਮੋਬਾਇਲ ਐਪ 'ਤੇ ਸਹੀ ਹਾਜ਼ਰੀ ਲਾਉਣਾ ਹੈ, ਜੋ ਉਹ ਲਾ ਰਹੇ ਹਨ। ਇਸ ਐਪ 'ਤੇ ਹਾਜ਼ਰੀ ਲਾਉਣ ਦਾ ਵੀ ਉਨ੍ਹਾਂ ਨੂੰ ਵੱਖਰਾ ਚਾਰਜ ਨਹੀਂ ਮਿਲਦਾ। ਜਦੋਂ ਸਾਨੂੰ ਆਮ ਲੇਬਰ ਵਾਂਗ ਸਿਰਫ਼ ਆਪਣੇ ਜੌਬ ਕਾਰਡ 'ਤੇ ਇੱਕ ਹਾਜ਼ਰੀ ਹੀ ਮਿਲਦੀ ਹੈ, ਜਦੋਂ ਸਾਨੂੰ ਆਮ ਲੇਬਰ ਵਾਂਗ ਹਾਜ਼ਰੀ ਹੀ ਮਿਲਦੀ ਹੈ ਤਾਂ ਸਾਡੇ 'ਤੇ ਜੋ ਮੇਟ ਨੂੰ ਮੁੱਖ ਰੱਖ ਕੇ ਲੈਟਰਾਂ ਕੱਢੀਆਂ ਜਾ ਰਹੀਆਂ, ਉਹ ਬੰਦ ਕੀਤੀਆਂ ਜਾਣ ਤੇ ਇਸ ਤੋਂ ਬਾਅਦ ਉਨ੍ਹਾਂ ਨੂੰ ਆਪਣੀਆਂ ਜਾਇਜ਼ ਮੰਗਾਂ ਦਾ ਇੱਕ ਮੰਗ ਪੱਤਰ ਬੀ.ਡੀ.ਪੀ.ਓ. ਨੂੰ ਦਿੱਤਾ ਗਿਆ। ਉਨ੍ਹਾਂ ਮੰਗ ਕੀਤੀ ਕਿ ਸਾਨੂੰ ਪੂਰੇ 365 ਦਿਨ ਦਾ ਮਿਹਨਤਾਨਾ ਦਿੱਤਾ ਜਾਵੇ। ਕੋਈ ਪੰਚਾਇਤ ਜਾਂ ਸਰਕਾਰ ਬਦਲਣ 'ਤੇ ਮੇਟਾਂ ਦੀ ਬਦਲੀ ਨਾ ਕੀਤੀ ਜਾਵੇ। ਮੇਟ ਨੂੰ ਦਫ਼ਤਰ ਵੱਲੋਂ ਇੱਕ ਆਈ ਡੀ ਕਾਰਡ ਬਣਾ ਕੇ ਦਿੱਤਾ ਜਾਵੇ, ਮਨਰੇਗਾ ਮੇਟਾਂ ਦੀ ਪੱਕੀ ਤਨਖਾਹ ਫਿਕਸ ਕੀਤੀ ਜਾਵੇ ਤੇ ਮਨਰੇਗਾ ਦਾ ਕੰਮ ਦਫ਼ਤਰ ਵਿੱਚ ਪਹਿਲ ਦੇ ਅਧਾਰ 'ਤੇ ਕੀਤਾ ਜਾਵੇ।

ਏ ਡੀ ਸੀ ਵੱਲੋਂ ਦੁਕਾਨਾਂ ਦੀ ਚੈਕਿੰਗ, 6 ਕਿੱਲੋ ਸਿੰਗਲ ਯੂਜ਼ ਪਲਾਸਟਿਕ ਜ਼ਬਤ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ੍ਰੀਮਤੀ ਹਰਜੋ

6-Aug-PAGE- 6.qxd 8/5/2023 10:26 PM Page 1

ਬਰਸਟ ਵੱਲੋਂ ਢਾਹਾਂ ਕਲੇਰਾਂ ਵਿਖੇ ਮੁਫ਼ਤ ਮੈਡੀਕਲ ਚੈੱਕਅੱਪ ਕੈਂਪ ਦਾ ਉਦਘਾਟਨ

ਬਹਿਰਾਮ (ਅਵਤਾਰ ਕਲੇਰ) ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਹਰਦੇਵ ਸਿੰਘ ਕਾਹਮਾ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਵੱਲੋਂ ਆਪਣੇ ਮਾਤਾ ਜੀ ਬੇਬੇ ਬਿਸ਼ਨ ਕੌਰ ਅਤੇ ਪਿਤਾ ਜੀ ਸ. ਤਾਰਾ ਸਿੰਘ ਕਾਹਮਾ ਦੀ ਨਿੱਘੀ ਯਾਦ ਵਿਚ ਲਗਾਏ ਦਵਾਈਆਂ ਦਾ ਲੰਗਰ ਅਤੇ ਫਰੀ ਮੈਡੀਕਲ ਚੈੱਕਅੱਪ ਕੈਂਪ ਦਾ ਉਦਘਾਟਨ ਮੁੱਖ ਮਹਿਮਾਨ ਹਰਚੰਦ ਸਿੰਘ ਚੇਅਰਮੈਨ ਪੰਜਾਬ ਮੰਡੀ ਬੋਰਡ ਨੇ ਰਿਬਨ ਕੱਟ ਕੀਤਾ। ਇਸ ਫਰੀ ਮੈਡੀਕਲ ਕੈਂਪ ਦਾ 950 ਤੋਂ ਵੱਧ ਮਰੀਜ਼ਾਂ ਨੇ ਲਾਭ ਪ੍ਰਾਪਤ ਕੀਤਾ। ਇਸ ਮੌਕੇ ਹੋਏ ਸਮਾਗਮ ਵਿਚ ਹਰਚੰਦ ਸਿੰਘ ਚੇਅਰਮੈਨ ਪੰਜਾਬ ਮੰਡੀ ਬੋਰਡ ਨੇ ਟਰੱਸਟ ਦੇ ਪ੍ਰਧਾਨ ਹਰਦੇਵ ਸਿੰਘ ਕਾਹਮਾ ਵੱਲੋਂ ਫਰੀ ਮੈਡੀਕਲ ਚੈੱਕਅੱਪ ਕੈਂਪ ਲਗਾਉਣ ਦਾ ਉਦੱਮ ਬਹੁਤ ਸ਼ਲਾਘਾਯੋਗ ਨਿਸ਼ਕਾਮ ਸੇਵਾ ਹੈ। ਉਹਨਾਂ ਨੇ ਬਾਨੀ ਪ੍ਰਧਾਨ ਬਾਬਾ ਬੁੱਧ ਸਿੰਘ ਢਾਹਾਂ ਨੂੰ ਯਾਦ ਕਰਦੇ ਹੋਏ ਮੌਜੂਦਾ ਪ੍ਰਧਾਨ ਕਾਹਮਾ ਦੀ ਅਗਵਾਈ ਵਿੱਚ ਚੱਲ ਰਹੀਆਂ ਮੈਡੀਕਲ ਸੇਵਾਵਾਂ ਦੀ ਭਾਰੀ ਪ੍ਰਸੰਸਾ ਕੀਤੀ। ਬਰਸਟ ਨੇ ਆਪਣੇ ਵੱਲੋਂ ਅਤੇ ਪੰਜਾਬ ਸਰਕਾਰ ਵੱਲੋਂ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਵੱਲੋਂ ਚਲਾਏ ਜਾ ਰਹੇ ਮੈਡੀਕਲ ਅਤੇ ਵਿਦਿਅਕ ਅਦਾਰਿਆਂ ਨੂੰ ਹਰ ਤਰ੍ਹਾਂ ਦੀ ਮਦਦ ਅਤੇ ਸਹਿਯੋਗ ਦੇਣ ਦਾ ਐਲਾਨ ਕੀਤਾ। ਉਹਨਾਂ ਸੰਸਥਾ ਨੂੰ ਢਾਹਾਂ ਕਲੇਰਾਂ ਵਿਖੇ ਬਾਨੀ ਪ੍ਰਧਾਨ ਬਾਬਾ ਬੁੱਧ ਸਿੰਘ ਢਾਹਾਂ ਦਾ ਮੈਡੀਕਲ ਕਾਲਜ ਬਣਾਉਣ ਦੇ ਸੁਪਨੇ ਨੂੰ ਪੂਰਾ ਕਰਨ ਲਈ ਵੀ ਵਿਸ਼ੇਸ਼ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ। ਇਸ ਮੌਕੇ ਹਰਦੇਵ ਸਿੰਘ ਕਾਹਮਾ ਪ੍ਰਧਾਨ ਟਰੱਸਟ ਨੇ ਹਰਚੰਦ ਸਿੰਘ ਚੇਅਰਮੈਨ ਪੰਜਾਬ ਮੰਡੀ ਬੋਰਡ ਅਤੇ ਸਮੂਹ ਸੰਗਤਾਂ ਦਾ ਉਹਨਾਂ ਦੇ ਮਾਤਾ ਜੀ ਅਤੇ ਪਿਤਾ ਜੀ ਦੀ ਯਾਦ ਵਿਚ ਲਗਾਏ ਗਏ ਦਵਾਈਆਂ ਦੇ ਲੰਗਰ ਅਤੇ ਫਰੀ ਮੈਡੀਕਲ ਚੈੱਕਅੱਪ ਕੈਂਪ ਨੂੰ ਸਫਲ ਕਰਨ ਲਈ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ। ਇਸ ਤੋਂ ਪਹਿਲਾਂ ਪ੍ਰੋ: ਹਰਬੰਸ ਸਿੰਘ ਬੋਲੀਨਾ ਡਾਇਰੈਕਟਰ ਸਿੱਖਿਆ ਨੇ ਮੁੱਖ ਮਹਿਮਾਨ ਅਤੇ ਪਤਵੰਤੇ ਸੱਜਣਾਂ ਨੂੰ ਜੀ ਆਇਆਂ ਕਿਹਾ ਅਤੇ ਹਰਚੰਦ ਸਿੰਘ ਚੇਅਰਮੈਨ ਪੰਜਾਬ ਮੰਡੀ ਬੋਰਡ ਦੀ ਸ਼ਖਸ਼ੀਅਤ ਬਾਰੇ ਚਾਨਣਾ ਪਾਇਆ। ਸਮਾਗਮ ਵਿਚ ਜਥੇਦਾਰ ਸਤਨਾਮ ਸਿੰਘ ਲਾਦੀਆਂ ਨੇ ਸਟੇਜ ਸੰਚਾਲਨ ਕਰਦੇ ਹੋਏ ਫਰੀ ਮੈਡੀਕਲ ਚੈੱਕਅੱਪ ਕੈਂਪ ਬਾਰੇ ਜਾਣਕਾਰੀ ਪ੍ਰਦਾਨ ਕੀਤੀ। ਫਰੀ ਮੈਡੀਕਲ ਚੈੱਕਅੱਪ ਕੈਂਪ ਵਿਚ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ-ਕਲੇਰਾਂ ਦੇ ਮਾਹਿਰ ਡਾ. ਰਵਿੰਦਰ ਖਜੂਰੀਆ, ਡਾ. ਬਲਵਿੰਦਰ ਸਿੰਘ, ਡਾ. ਜਸਦੀਪ ਸਿੰਘ ਸੈਣੀ, ਡਾ. ਰੋਹਿਤ ਮਸੀਹ, ਡਾ. ਵਿਵੇਕ ਗੁੰਬਰ, ਡਾ. ਨਵਜੋਤ ਸਿੰਘ ਸਹੋਤਾ, ਡਾ. ਆਰ ਕੇ ਅਮਨਦੀਪ, ਡਾ. ਰਾਹੁਲ ਗੋਇਲ, ਡਾ. ਟੀ. ਅਗਰਵਾਲ, ਡਾ. ਹਰਜੋਤਵੀਰ ਸਿੰਘ, ਡਾ. ਦੀਪਕ ਦੁੱਗਲ, ਡਾ. ਰਵੀਨਾ, ਡੀ.ਟੀ. ਰੋਨਿਕਾ ਕਾਹਲੋਂ, ਉਪਟਰੋਮੀਟਰੀਅਸ ਦਲਜੀਤ ਕੌਰ ਨੇ ਕੈਂਪ ਵਿਚ ਆਏ 950 ਤੋਂ ਵੱਧ ਮਰੀਜ਼ਾਂ ਦਾ ਤਸੱਲੀਬਖਸ਼ ਮੁਫ਼ਤ ਚੈਕਅੱਪ ਕੀਤਾ। ਇਸ ਕੈਂਪ ਵਿਚ ਮਰੀਜ਼ਾਂ ਦੀ ਫਰੀ ਰਜਿਸਟਰੇਸ਼ਨ ਕੀਤੀ ਗਈ ਅਤੇ ਸ਼ੂਗਰ ਦਾ ਟੈਸਟ, ਥਾਇਰਾਇਡ ਦਾ ਟੈਸਟ ਅਤੇ ਹੱਡੀਆਂ ਦਾ ਕੈਲਸ਼ੀਅਮ ਚੈੱਕ ਕਰਨ ਦਾ ਟੈਸਟ ਵੀ ਮੁਫਤ ਕੀਤਾ ਗਿਆ। ਮਰੀਜ਼ਾਂ ਨੂੰ 300 ਰੁਪਏ ਤੱਕ ਦੀ ਦਵਾਈ ਫਰੀ ਪ੍ਰਦਾਨ ਕੀਤੀ ਗਈ। ਚੁਣੇ ਹੋਏ ਲੋੜਵੰਦ ਅੱਖਾਂ ਦੇ ਮਰੀਜ਼ਾਂ ਦੇ ਲੈਨਜ਼ਾਂ ਵਾਲੇ ਅਪਰੇਸ਼ਨ ਮੁਫ਼ਤ ਹੋਣਗੇ। ਮਰੀਜ਼ਾਂ ਦੀ ਸੇਵਾ ਸੰਭਾਲ ਲਈ ਮਲਕੀਅਤ ਸਿੰਘ ਬਾਹੜੋਵਾਲ, ਕੁਲਵਿੰਦਰ ਸਿੰਘ ਢਾਹਾਂ, ਅਮਰਜੀਤ ਸਿੰਘ, ਜਗਜੀਤ ਸਿੰਘ ਸੋਢੀ, ਪ੍ਰੋ: ਹਰਬੰਸ ਸਿੰਘ ਬੋਲੀਨਾ, ਜਥੇਦਾਰ ਸਤਨਾਮ ਸਿੰਘ ਲਾਦੀਆਂ, ਗੁਰਦੀਪ ਸਿੰਘ ਢਾਹਾਂ, ਬਰਜਿੰਦਰ ਸਿੰਘ ਹੈਪੀ ਕਲੇਰਾਂ, ਸੰਦੀਪ ਕੁਮਾਰ ਸਾਬਕਾ ਸਰਪੰਚ, ਗੁਰਦੀਪ ਸਿੰਘ ਚੀਫ ਇੰਜੀਨੀਅਰ ਪੰਜਾਬ ਮੰਡੀ ਬੋਰਡ, ਕੁਲਜੀਤ ਸਿੰਘ ਸਰਹਾਲ ਹਲਕਾ ਇੰਚਾਰਜ ਬੰਗਾ, ਗਗਨਇੰਦਰ ਸਿੰਘ ਬਰਸਟ, ਬਲਬੀਰ ਕਰਨਾਣਾ ਚੇਅਰਮੈਨ ਮਾਰਕੀਟ ਕਮੇਟੀ ਬੰਗਾ, ਗਗਨ ਅਗਨੀਹੋਤਰੀ ਚੇਅਰਮੈਨ ਮਾਰਕੀਟ ਕਮੇਟੀ ਨਵਾਂਸ਼ਹਿਰ, ਹਰਜੋਤ ਕੌਰ ਲੋਹਟੀਆ, ਜਸਵੀਰ ਸ਼ੀਰਾ, ਇੰਦਰਜੀਤ ਮਾਨ, ਹਰਮਿੰਦਰ ਸਿੰਘ ਬਾਲੋਂ, ਜਗਜੀਤ ਸਿੰਘ ਬਲਾਕੀਪੁਰ, ਹਰਪ੍ਰੀਤ ਰਾਮਪੁਰ, ਮਨਦੀਪ ਸਿੰਘ ਗੋਬਿੰਦਪੁਰ, ਰਣਜੀਤ ਸਿੰਘ ਖਟਕੜ, ਪੰਕਜ ਲੋਹਟੀਆਂ, ਗੁਰਮਿੰਦਰ ਸਿੰਘ ਕੱਟਾਂ, ਈਸ਼ਰ ਸਿੰਘ, ਸਿਮਰਨਜੀਤ ਸਿੰਘ ਪਟਿਆਲਾ, ਹਰਿੰਦਰ ਸਿੰਘ, ਲੱਕੀ ਸੱਦੀ, ਕਾਸਿਮ ਗੜਸ਼ੰਕਰ, ਸਲੀਮ ਗੜ੍ਹਸ਼ੰਕਰ, ਸਵਰਨ ਸਿੰਘ ਲੰਬੜਦਾਰ, ਮਹਿੰਦਰਪਾਲ ਸਿੰਘ, ਪ੍ਰਿੰਸੀਪਲ ਡਾ. ਸੁਰਿੰਦਰ ਜਸਪਾਲ, ਡਾ. ਰਵਿੰਦਰ ਖਜੂਰੀਆ, ਮੈਡਮ ਦਵਿੰਦਰ ਕੌਰ, ਸਮੂਹ ਹਸਪਤਾਲ ਸਟਾਫ ਅਤੇ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦੇ ਵਿਦਿਆਰਥੀ ਅਤੇ ਸਮੂਹ ਸਟਾਫ਼ ਮੈਂਬਰ ਵੀ ਹਾਜ਼ਰ ਸਨ।

ਹੜ੍ਹ ਪ੍ਰਭਾਵਤ ਇਲਾਕਿਆਂ ਲਈ ਜ਼ਰੂਰੀ ਸਮਾਨ ਪਹੁੰਚਾ ਰਹੀ ਹੈ ਪ੍ਰਭ ਆਸਰਾ ਟੀਮ

ਮੋਹਨ ਅੱਗਰਵਾਲ (ਕੁਰਾਲੀ)- ਕੁਦਰਤ ਦੀ ਪ੍ਰਕੋਪੀ ਕਾਰਨ ਹੜ੍ਹਾਂ ਦੀ ਮਾਰ ਝੱਲ ਰਹੇ ਪੰਜਾਬ ਦੇ ਕਈ ਜ਼ਿਲ੍ਹਿਆਂ ਦੇ ਲੋਕਾਂ ਦੀ ਸੇਵਾ ਲਈ ਸਥਾਨਕ ਪ੍ਰਭ ਆਸਰਾ ਦੀ ਟੀਮ ਪਹਿਲੇ ਦਿਨ ਤੋਂ ਅੱਜ ਤੱਕ ਲਗਾਤਾਰ ਜੁੱਟੀ ਹੋਈ ਹੈ। ਪ੍ਰਭ ਆਸਰਾ ਮੁੱਖੀ ਭਾਈ ਸ਼ਮਸ਼ੇਰ ਸਿੰਘ ਪਡਿਆਲਾ ਦੀ ਰਹਿਨੁਮਾਈ ਹੇਠ ਪ੍ਰਭ ਆਸਰਾ ਦੇ ਪਡਿਆਲਾ (ਮੋਹਾਲੀ) ਅਤੇ ਫੇਰੂਰਾਈ (ਲੁਧਿਆਣਾ) ਦੀ ਟੀਮ ਵੱਲੋਂ ਜਰੂਰੀ ਸਾਮਾਨ ਲੈ ਕੇ ਹੜ੍ਹ ਪ੍ਰਭਾਵਿਤ ਸਰਦੂਲਗੜ੍ਹ ਅਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ਦੀ ਮਦਦ ਲਈ ਲਗਾਤਾਰ ਪਹੁੰਚ ਕੀਤੀ ਜਾ ਰਹੀ ਹੈ। ਇਸੇ ਲੜੀ ਨੂੰ ਹੋਰ ਅੱਗੇ ਵਧਾਉਂਦੇ ਹੋਏ ਪਿਛਲੇ ਦਿਨੀਂ ਭਾਈ ਸ਼ਮਸ਼ੇਰ ਸਿੰਘ ਦੀ ਅਗਵਾਈ ਹੇਠ ਪਡਿਆਲਾ (ਮੋਹਾਲੀ) ਅਤੇ ਫੇਰੂਰਾਈ (ਲੁਧਿਆਣਾ) ਦੀ ਟੀਮ ਦੇ ਮੈਂਬਰਾਂ ਵੱਲੋਂ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਲਈ ਲੋੜੀਂਦੀ ਦਵਾਈਆਂ ਸਮੇਤ ਝੋਨੇ ਦੀ ਪਛੇਤੀ ਪਨੀਰੀ ਦੀ ਪੋਧ ਲੈ ਕੇ ਸਰਦੂਲਗੜ੍ਹ ਅਤੇ ਇਸਦੇ ਨਜਦੀਕੀ ਇਲਾਕਿਆਂ ਵਿੱਚ ਪਹੁੰਚ ਕੀਤੀ ਗਈ। ਭਾਈ ਪਡਿਆਲਾ ਤੇ ਬੀਬੀ ਰਾਜਿੰਦਰ ਕੌਰ ਪਡਿਆਲਾ ਨੇ ਦੱਸਿਆ ਕਿ ਪੰਜਾਬ ਦੇ ਜ਼ਿਲ੍ਹਾ ਮਾਨਸਾ ਦੇ ਸ਼ਹਿਰ ਸਰਦੂਲਗੜ੍ਹ ਵਿਖੇ ਪਿਛਲੇ ਦਿਨੀਂ ਲਗਾਤਾਰ ਤਿਨ ਦਿਨ ਪਏ ਮੀਹ ਕਾਰਣ ਹੜ੍ਹ ਆ ਗਏ ਸਨ ਤੇ ਅੱਜ ਵੀ ਉਸ ਥਾਂ ਤੇ ਸਥਿਤੀ ਬਹੁਤ ਹੀ ਖਰਾਬ ਹੈ। ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ ਉਥੇ ਦੇ ਕਿਸਾਨ ਭਰਾਵਾਂ ਨੂੰ ਬਹੁਤ ਜਿਆਦਾ ਨੁਕਸਾਨ ਝੱਲਣਾ ਪਿਆ ਹੈ। ਹੜ੍ਹ ਕਾਰਨ ਕਿਸਾਨਾਂ ਵੱਲੋਂ ਆਪਣੇ ਖੇਤਾਂ ਵਿੱਚ ਲਗਾਈ ਝੋਨੇ ਦੀ ਪਨੀਰੀ ਅਤੇ ਅਗੇਤੀ ਬੀਜੀ ਫਸਲ ਤਬਾਹ ਹੋ ਗਈ। ਉਥੇ ਦੇ ਕਿਸਾਨ ਭਰਾਵਾਂ ਦੀ ਮਦਦ ਲਈ ਸੰਸਥਾ ਵੱਲੋਂ ਉਨ੍ਹਾਂ ਕਿਸਾਨ ਭਰਾਵਾਂ ਨੂੰ ਮਦਦ ਦੀ ਗੁਹਾਰ ਲਗਾਈ ਸੀ ਜਿਨ੍ਹਾਂ ਕੋਲ ਪੋਧ ਤਿਆਰ ਹੈ। ਇਸ ਸਬੰਧ ਵਿੱਚ ਪ੍ਰਭ ਆਸਰਾ ਵੱਲੋਂ ਆਪਣੇ ਤੌਰ 'ਤੇ ਝੋਨੇ ਦੀ ਪਛੇਤੀ ਪਨੀਰੀ ਦਾ ਇੰਤਜਾਮ ਕੀਤਾ ਗਿਆ ਤੇ ਉਨ੍ਹਾਂ ਨੂੰ ਰਾਏਕੋਟ ਦੇ ਇਲਾਕੇ ਦੇ ਕਿਸਾਨਾਂ ਤੋਂ ਵੀ ਝੋਨੇ ਦੀ ਪੋਧ ਦਾਨ ਵਿੱਚ ਮਿਲੀ ਸੀ। ਉਨ੍ਹਾਂ ਦੱਸਿਆ ਕਿ ਪਛੇਤੇ ਬੀਜੀ ਜਾਣ ਵਾਲੀ ਝੋਨੇ ਦੀ ਪਨੀਰੀ ਘਗਰ ਦੇ ਪਾਣੀ ਦੀ ਮਾਰ ਨਾਲ ਪ੍ਰਭਾਵਿਤ ਸਰਦੂਲਗੜ੍ਹ ਅਤੇ ਇਸਦੇ ਨਜਦੀਕੀ ਇਲਾਕੇ ਦੇ ਕਿਸਾਨ ਭਰਾਵਾਂ ਵਿੱਚ ਵੰਡੀ ਗਈ ਤਾਂ ਜੋ ਜਮੀਨ ਨੂੰ ਮੁੜ੍ਹ ਤੋਂ ਸੁਰਜੀਤ ਕੀਤਾ ਜਾ ਸਕੇ ਅਤੇ ਅਗਾਊਂ ਦਿਨਾਂ ਵਿੱਚ ਆਉਣ ਵਾਲੀਆਂ ਮੁਸ਼ਕਿਲਾਂ ਤੋਂ ਬਚਾਅ ਕੀਤਾ ਜਾ ਸਕੇ। ਆਖਿਰ ਵਿੱਚ ਉਨ੍ਹਾਂ ਮਦਦ ਕਰਨ ਵਾਲੇ ਸਜਣਾ ਦਾ ਧੰਨਵਾਦ ਕੀਤਾ ਅਤੇ ਆਮ ਜਨਤਾ ਨੂੰ ਬੇਨਤੀ ਕੀਤੀ ਕਿ ਅਜੇ ਵੀ ਬਹੁਤ ਲੋੜਵੰਦ ਲੋਕ ਮਦਦ ਦੀ ਤਾਂਘ ਵਿੱਚ ਹਨ, ਸਾਨੂੰ ਸਾਰਿਆਂ ਨੂੰ ਹਰ ਸੰਭਵ ਮਦਦ ਕਰਕੇ ਮਨੁੱਖਤਾ ਦਾ ਫਰਜ ਨਿਭਾਉਂਦੇ ਰਹਿਣਾ ਚਾਹੀਦਾ ਹੈ।

ਕੇਂਦਰੀ ਆਰਮਡ ਪੁਲਸ ਫੋਰਸਾਂ ਦੇ ਪਰਵਾਰਕ ਮੈਂਬਰਾਂ ਲਈ ਹਮਦਰਦੀ ਨਿਯੁਕਤੀ ਨੀਤੀ 'ਚ ਸੋਧ

ਚੰਡੀਗੜ੍ਹ, (ਕ੍ਰਿਸ਼ਨ ਗਰਗ) - ਹਰਿਆਣਾ ਸਰਕਾਰ ਨੇ ਰਾਸ਼ਟਰ ਦੀ ਸੇਵਾ ਵਿਚ ਆਪਣੀ ਜਾਨ ਨਿਛਾਵਰ ਕਰਨ ਵਾਲੇ ਫੌਜੀਆਂ ਦੇ ਪਰਵਾਰਾਂ ਦਾ ਮਨੋਬਲ ਬਣਾਏ ਰੱਖਣ ਦੇ ਉਦੇਸ਼ ਨਾਲ ਯੁੱਧ ਹਤਾਹਤ ਆਰਮਡ ਫੋਰਸਾਂ ਅਤੇ ਕੇਂਦਰੀ ਆਰਮਡ ਪੁਲਸ ਫੋਰਸਾਂ ਦੇ ਪਰਵਾਰ ਦੇ ਮੈਂਬਰਾਂ ਲਈ ਹਮਦਰਦੀ ਨਿਯੁਕਤੀ ਨੀਤੀ 2023 ਨੂੰ ਸੋਧ ਕੀਤਾ ਹੈ। ਮੁੱਖ ਮੰਤਰੀ ਮਨੋਹਰ ਲਾਲ ਦੀ ਅਗਵਾਈ ਹੇਠ ਇੱਥੇ ਹੋਈ ਰਾਜ ਕੈਬੀਨੇਟ ਦੀ ਮੀਟਿੰਗ ਵਿਚ ਇਸ ਨੀਤੀ ਵਿਚ ਸੋਧ ਲਿਆਉਣ ਦੇ ਪ੍ਰਸਤਾਵ ਨੂੰ ਮੰਜੂਰੀ ਦਿੱਤੀ ਗਈ। ਇਹ ਨੀਤੀ ਭਵਿੱਖ ਵਿਚ ਯਵੱਧ ਤੋਂ ਹਤਾਹਤ ਹੋਣ ਵਾਲੇ ਫੌਜੀਆਂ ਦੇ ਮੈਂਬਰਾਂ 'ਤੇ ਲਾਗੂ ਹੋਵੇਗੀ। ਇਸ ਤੋਂ ਪਹਿਲਾਂ 30 ਮਈ 2014 ਅਤੇ 28 ਸਤੰਬਰ, 2018 ਦੀ ਪਿਛਲੀ ਨੀਤੀਆਂ ਦੇ ਅਨੁਸਾਰ ਨੌਕਰੀਆਂ ਸਿਰਫ ਉਨ੍ਹਾਂ ਸ਼ਹੀਦਾਂ ਦੇ ਪਰਿਜਨਾਂ ਨੂੰ ਪ੍ਰਦਾਨ ਕੀਤੀ ਜਾਂਦੀ ਸੀ ਜੋ ਸੀਮਾ 'ਤੇ ਲੜਾਈ, ਅੱਤਵਾਦੀ ਹਮਲਿਆਂ ਜਾਂ ਦੰਗਿਆਂ ਵਿਚ ਮਾਰੇ ਜਾਂਦੇ ਸਨ ਅਤੇ ਜਿਨ੍ਹਾਂ ਨੂੰ ਰੱਖਿਆ ਮੰਤਰਾਲੇ ਜਾਂ ਗ੍ਰਹਿ ਮੰਤਰਾਲੇ ਵੱਲੋਂ ਸ਼ਹੀਦ ਐਲਾਨ ਕੀਤਾ ਜਾਂਦਾ ਸੀ। ਇਸ ਤੋਂ ਇਲਾਵਾ, ਹੁਣ ਹਮਦਰਦੀ ਨਿਯੁਕਤੀ ਨੀਤੀ ਦੇ ਯੋਗ ਪਰਵਾਰ ਦੇ ਮੈਂਬਰਾਂ ਦੀ ਪਰਿਭਾਸ਼ਾ ਨੂੰ ਵੀ ਵਧਾਇਆ ਗਿਆ ਹੈ। ਸੋਧ ਨੀਤੀ ਤਹਿਤ ਹਮਦਰਦੀ ਨਿਯੁਕਤੀ ਦੇ ਪ੍ਰਯੋਜਨ ਲਈ ਯੁੱਧ ਨਾਲ ਹਤਾਹਤ ਦੇ ਪਰਵਾਰ ਵਿਚ ਪਤੀ-ਪਤਨੀ ਸ਼ਾਮਿਲ ਹਨ, ਜੇਕਰ ਪਤੀ ਜਾਂ ਪਤਨੀ ਨਿਯੁਕਤੀ ਨਹੀਂ ਚਾਹੁੰਦੇ ਹਨ, ਤਾਂ ਵਿਆਹੇ ਜਾਂ ਅਣਵਿਆਹੇ ਬੱਚਿਆਂ ਵਿੱਚੋਂ ਇਕ ਨੂੰ ਲਾਭ ਦਿੱਤਾ ਜਾ ਸਕਦਾ ਹੈ। ਜੇਕਰ ਯੁੱਧ ਵਿਚ ਹਤਾਹਤ ਵਿਅਕਤੀ ਅਣਵਿਆਹੇ ਸੀ ਤਾਂ ਉਸ ਦੇ ਮਾਤਾ-ਪਿਤਾ ਦੀ ਸਹਿਮਤੀ ਨਾਲ ਹੀ ਅਣਵਿਆਹੇ ਜਾਂ ਵਿਆਹੇ ਭਰਾ ਜਾਂ ਅਣਵਿਆਹੇ ਭੈਣ ਜਾਂ ਜਿਸ ਦੇ ਲਈ ਮਾਤਾ-ਪਿਤਾ ਅਤੇ ਹੋਰ ਅਣਵਿਆਹੇ ਭੈਣਾਂ ਅਤੇ ਭਰਾਵਾਂ ਵੱਲੋਂ ਸਹਿਮਤੀ ਦਿੱਤੀ ਜਾਂਦੀ ਹੈ ਉਸ ਨੂੰ ਨੀਤੀ ਦਾ ਲਾਭ ਦਿੱਤਾ ਜਾਵੇਗਾ। ਹਰਿਆਣਾ ਦੇ ਨਾਗਰਿਕਾਂ ਨੇ ਹਮੇਸ਼ਾ ਹੀ ਆਰਮਡ ਫੋਰਸਾਂ ਵਿਚ ਸੇਵਾ ਕਰਨ ਦਾ ਜਨੂਨ ਦਿਖਾਇਆ ਹੈ। ਸਿਰਫ 1.3 ਫੀਸਦੀ ਭੌਗੋਲਿਕ ਖੇਤਰਫਲ ਅਤੇ ਦੇਸ਼ ਦੀ 2 ਫੀਸਦੀ ਆਬਾਦੀ ਵਾਲਾ ਹਰਿਆਣਾ ਆਰਮਡ ਫੋਰਸਾਂ ਦੀ ਕੁੱਲ ਤਾਕਤ ਵਿਚ ਲਗਭਗ 10 ਫੀਸਦੀ ਦਾ ਯੋਗਦਾਨ ਦਿੰਦਾ ਹੈ। ਹਰਿਆਣਾ ਸਰਕਾਰ ਦੇਸ਼ ਦੀ ਸੇਵਾ ਵਿਚ ਸਰਵੋਚ ਬਲਿਦਾਨ ਦੇਣ ਵਾਲੇ ਆਪਣੇ ਬਹਾਦੁਰ ਸੈਨਿਕਾਂ ਅਤੇ ਅਧਿਕਾਰੀਆਂ ਨੂੰ ਸਨਮਾਨਿਤ ਕਰਨ ਵਿਚ ਸਦਾ ਅੱਗੇ ਰਹੀ ਹੈ।

ਜਲਦ ਹੱਲ ਹੋਵੇਗੀ ਕੂੜੇ ਦੀ ਸਮੱਸਿਆ, ਡੰਪ ਲਈ ਥਾਂ ਨਿਸਚਿਤ ਹੋਵੇਗੀ: ਬਲਕਾਰ ਸਿੰਘ

ਕਪੂਰਥਲਾ (ਪ੍ਰੀਤ ਸੰਗੋਜਲਾ, ਰਾਵਿੰਦਰ ਸਿੰਘ)-ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਬਲਕਾਰ ਸਿੰਘ ਨੇ ਇੱਥੇ ਕਿਹਾ ਕਿ ਪੰਜਾਬ ਸਰਕਾਰ ਸਹਿਰ ਅੰਦਰ ਕੂੜੇ ਦੀ ਸਮੱਸਿਆ ਦਾ ਜਲਦ ਪੱਕਾ ਹੱਲ ਕੱਢਦਿਆਂ ਡੰਪ ਲਈ ਢੁੱਕਵੀ ਥਾਂ ਦੀ ਸ਼ਨਾਖਤ ਕਰੇਗੀ। ਸਥਾਨਕ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਖੇ ਪਹੁੰਚਣ 'ਤੇ 'ਗਾਰਡ ਆਫ ਆਨਰ' ਤੋਂ ਸਲਾਮੀ ਲੈਣ ਉਪਰੰਤ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਬਲਕਾਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਸੰਬੰਧਤ ਅਧਿਕਾਰੀਆਂ ਨਾਲ ਸ਼ਹਿਰ ਵਿਚ ਕੂੜੇ ਦੇ ਮਸਲੇ ਸੰਬੰਧੀ ਵਿਚਾਰ ਕੀਤਾ ਹੈ ਅਤੇ ਇਸ ਬਾਰੇ ਲੋੜੀਂਦੇ ਸਲਾਹ-ਮਸਵਰੇ ਤੋਂ ਬਾਅਦ ਡੰਪ ਲਈ ਥਾਂ ਨਿਸਚਿਤ ਕਰਕੇ ਇਸ ਸਮੱਸਿਆ ਦਾ ਪੱਕਾ ਹੱਲ ਕੱਢਿਆ ਜਾਵੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਵੱਲੋਂ ਲੋਕ ਪੱਖੀ ਕਾਰਜਾਂ ਨੂੰ ਤਰਜੀਹ ਦਿੰਦਿਆਂ ਸੂਬੇ ਵਿਚ ਵਿਕਾਸ ਕਾਰਜਾਂ ਨੂੰ ਅਮਲੀ ਜਾਮਾ ਪਹਿਨਾਇਆ ਜਾ ਰਿਹਾ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਮੂਹ ਸਹਿਰਾਂ ਵਿਚ ਕੂੜਾ ਪ੍ਰਬੰਧਨ ਕਈ ਠੋਸ ਰਹਿੰਦ-ਖੂੰਹਦ ਪ੍ਰਬੰਧਨ ਦੀ ਵਿਵਸਥਾ ਬਣਾਈ ਜਾ ਰਹੀ ਹੈ ਤਾਂ ਜੋ ਸਾਰੇ ਸ਼ਹਿਰ ਤੇ ਕਸਬੇ ਮੁਕੰਮਲ ਤੌਰ 'ਤੇ ਸਾਫ-ਸੁਥਰੇ ਰੱਖੇ ਜਾ ਸਕਣ। ਉਨ੍ਹਾਂ ਕਿਹਾ ਕਿ ਜਲਦ ਹੀ ਉਹ ਮੁੜ ਕਪੂਰਥਲਾ ਵਿਖੇ ਆ ਕੇ ਸੰਬੰਧਤ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਅਗਲੀ ਪ੍ਰਕਿਰਿਆ ਨੂੰ ਅਮਲ ਵਿਚ ਲਿਆਉਣਗੇ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਵਲੋ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਲਗਾਤਾਰ ਲੋਕ ਭਲਾਈ ਦੇ ਫੈਸਲੇ ਲਏ ਜਾ ਰਹੇ ਹਨ, ਜਿਨ੍ਹਾਂ ਵਿਚ ਬਿਜਲੀ ਦੇ ਜੀਰੋ ਬਿ

6-Aug-PAGE- 7.qxd 8/5/2023 10:25 PM Page 1

ਪਾਸ਼ ਯਾਦਗਾਰੀ ਸੂਬਾਈ ਸਾਹਿਤਕ ਸਮਾਗਮ 9 ਸਤੰਬਰ ਨੂੰ

ਜਲੰਧਰ (ਨਵਾਂ ਜ਼ਮਾਨਾ ਸਰਵਿਸ)-ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ ਅਤੇ ਸੂਬਾਈ ਕਮੇਟੀ ਦੀ ਮੀਟਿੰਗ ਨੇ ਫੈਸਲਾ ਕੀਤਾ ਕਿ ਇਨਕਲਾਬੀ ਕਾਵਿ - ਜਗਤ ਦੇ ਧਰੂ ਤਾਰੇ, ਕਿੰਨੀਆਂ ਹੀ ਭਾਸ਼ਾਵਾਂ ਵਿੱਚ ਮਕਬੂਲ ਕਵੀ, ਅਵਤਾਰ ਪਾਸ਼ ਦੇ ਜਨਮ ਦਿਹਾੜੇ ਨੂੰ ਸਮਰਪਿਤ ਸੂਬਾਈ ਸਾਲਾਨਾ ਸਮਾਗਮ ਇਸ ਵਾਰ 10 ਸਤੰਬਰ ਦਿਨ ਐਤਵਾਰ ਸਵੇਰੇ ਠੀਕ 10:30 ਵਜੇ ਫਰੀਦਕੋਟ ਵਿਖੇ ਸਫਲਤਾ ਪੂਰਵਕ ਕਰਨ ਦੀਆਂ ਤਿਆਰੀਆਂ ਆਰੰਭ ਦਿੱਤੀਆਂ ਹਨ। ਸਮਾਗਮ ਦੇ ਪਹਿਲੇ ਸੈਸ਼ਨ 'ਚ ਹੋਣ ਵਾਲੀ ਗੰਭੀਰ ਵਿਚਾਰ-ਚਰਚਾ ਦੇ ਮੁੱਖ ਵਕਤਾ ਨਾਮਵਾਰ ਵਿਦਵਾਨ ਡਾ. ਸੁਰਜੀਤ ਸਿੰਘ ਭੱਟੀ ਹੋਣਗੇ ਜੋ ਪਾਸ਼- ਕਾਵਿ ਦੇ ਅੰਗ ਸੰਗ ਗੁਜਰਦਿਆਂ, ਅਜੋਕੀਆਂ ਚੁਣੌਤੀਆਂ ਦੇ ਦੌਰ ਅੰਦਰ ਕਾਵਿ ਸਿਰਜਣਾ ਦੀ ਪ੍ਰਸੰਗਿਕਤਾ ਅਤੇ ਸਾਰਥਕਤਾ ਉੱਪਰ ਚਾਨਣਾ ਪਾਉਣਗੇ। ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ ਦੇ ਮੈਂਬਰ ਡਾ. ਪਰਮਿੰਦਰ ਸਿੰਘ ਪਾਸ਼ ਵਰਗੇ ਕਵੀਆਂ ਦੀ ਮੌਤ ਤੋਂ ਬਾਅਦ ਸਮਾਜ ਅੰਦਰ ਉਹਨਾਂ ਦੀ ਜਿੰਦਗੀ ਦੇ ਜਾਰੀ ਮਾਣਮੱਤੇ ਸਫਰ ਦੀਆਂ ਬਾਤਾਂ ਸਾਂਝੀਆਂ ਕਰਨਗੇ। ਵਿਚਾਰ-ਚਰਚਾ ਦੇ ਪ੍ਰਧਾਨਗੀ ਮੰਡਲ ਵਿੱਚ ਜਾਣੇ- ਪਹਿਚਾਣੇ ਵਿਦਵਾਨ ਅਤੇ ਖੋਜੀ ਇਤਿਹਾਸਕਾਰ ਸੁਭਾਸ਼ ਪਰਿਹਾਰ, ਉੱਘੇ ਲੇਖਕ ਬਲਦੇਵ ਸਿੰਘ ਸੜਕਨਾਮਾ, ਰੰਗ ਕਰਮੀ ਮਨਜੀਤ ਕੌਰ ਔਲਖ, ਡਾ.ਅਰੀਤ, ਇਕਬਾਲ ਉਦਾਸੀ ਅਤੇ ਉੱਘੇ ਕਹਾਣੀਕਾਰ ਅਤਰਜੀਤ ਸੁਸ਼ੋਭਿਤ ਹੋਣਗੇ। ਸਮਾਗਮ ਦੇ ਦੂਜੇ ਸੈਸ਼ਨ, ਕਵੀ ਦਰਬਾਰ 'ਚ ਵਿਜੈ ਵਿਵੇਕ, ਮਨਜੀਤ ਪੁਰੀ,ਸੁਰਜੀਤ ਜੱਜ, ਗੁਰਤੇਜ ਕੋਹਾਰਵਾਲਾ, ਗੁਰਮੀਤ ਕੜਿਆਲਵੀ, ਹਰਮੀਤ ਵਿਦਿਆਰਥੀ, ਤਲਵਿੰਦਰ ਸੇਰਗਿੱਲ, ਜਗਜੀਤ ਕੌਰ ਢਿੱਲਵਾਂ, ਜਗਸੀਰ ਜੀਦਾ, ਪਾਲੀ ਖਾਦਿਮ, ਮਨਜੀਤ ਸੂਖਮ,ਅਨੀ ਕਾਠਗੜ੍ਹ, ਗੁਰਜੰਟ ਰਾਜੇਆਣਾ, ਸਵਾਮੀ ਸਰਬਜੀਤ,ਸੁਨੀਲ ਚੰਦਿਆਣਵੀ,ਵਿਰਕ ਪੁਸ਼ਪਿੰਦਰ, ਸੁਖਜਿੰਦਰ ਅਤੇ ਮੋਹਣ ਮਤਿਆਲਵੀ ਆਪਣੀਆਂ ਨਜਮਾਂ ਸੰਗ ਸਾਡੇ ਸਮਿਆਂ 'ਚ ਸਾਹਿਤ, ਕਲਾ ਅਤੇ ਸਮਾਜ ਨੂੰ ਦਰਪੇਸ਼ ਚੁਣੌਤੀਆਂ ਸਬੰਧੀ ਕਾਵਿ ਸਿਰਜਣਾ ਦੀ ਨੈਤਿਕ ਜ਼ਿੰਮੇਵਾਰੀ ਵੱਲ ਸੈਨਤਾਂ ਕਰਦੇ ਵੰਨ- ਸੁਵੰਨੇ ਰੰਗ ਪੇਸ਼ ਕਰਨਗੇ। ਸਮਾਗਮ ਨੂੰ ਹਰ ਪੱਖੋਂ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਨਾਲ ਲੱਗਦੇ ਖੇਤਰ ਵਿਚ ਵਿਸ਼ੇਸ਼ ਕਰਕੇ ਤਿਆਰੀ ਮੁਹਿੰਮ ਚਲਾਉਣ ਅਤੇ ਸਮਾਗਮ ਦੀਆਂ ਪ੍ਰਬੰਧਕੀ ਜ਼ਿੰਮੇਵਾਰੀਆਂ ਸਥਾਨਕ ਪੱਧਰ 'ਤੇ 'ਪਾਸ਼ ਯਾਦਗਾਰੀ ਸਾਹਿਤਕ ਸਮਾਗਮ ਸਹਿਯੋਗੀ ਕਮੇਟੀ' ਕਰੇਗੀ।

ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ ਦੇ ਕਨਵੀਨਰ ਸੁਰਿੰਦਰ ਧੰਜਲ ਨੇ ਕਨੇਡਾ ਤੋਂ ਅਤੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਹੋਈ ਮੀਟਿੰਗ 'ਚ ਸ਼ਾਮਲ ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ ਦੇ ਨੁਮਾਇੰਦੇ ਅਤੇ ਸੰਗੀ ਸਾਥੀ ਜਾਗੀਰ ਜੋਸਣ, ਡਾ. ਪਰਮਿੰਦਰ,ਮੋਹਣ ਸਿੰਘ ਬੱਲ, ਹਰਮੇਸ਼ ਮਾਲੜੀ, ਹਰਮੀਤ ਵਿਦਿਆਰਥੀ ਅਤੇ ਅਮੋਲਕ ਸਿੰਘ ਨੇ ਸਮੂਹ ਸਾਹਿਤਕ ਸਭਿਆਚਾਰਕ ਅਤੇ ਲੋਕ- ਪੱਖੀ ਸੰਸਥਾਵਾਂ ਨੂੰ ਸਮਾਗਮ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਭਰਵਾਂ ਸਹਿਯੋਗ ਦੇਣ ਦੀ ਜੋਰਦਾਰ ਅਪੀਲ ਕੀਤੀ ਹੈ।

ਜਬਰ ਜ਼ੁਲਮ ਦਾ ਮੂੰਹ ਤੋੜ ਜਵਾਬ ਦੇਵੇਗੀ ਬਸਪਾ : ਚੁੰਬਰ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)-ਬਹੁਜਨ ਸਮਾਜ ਪਾਰਟੀ ਪੰਜਾਬ ਵੱਲੋਂ 13 ਅਗਸਤ ਨੂੰ ਬੂਟਾ ਮੰਡੀ ਜਲੰਧਰ ਵਿਖੇ ਸਰਕਾਰੀ ਜਬਰ ਜੁਲਮ ਦਾ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ। ਮੀਡੀਆ ਨਾਲ ਗੱਲਬਾਤ ਕਰਦਿਆਂ ਮਲਕੀਤ ਚੁੰਬਰ ਨੇ ਕਿਹਾ ਕਿ 2022 ਦੀਆਂ ਚੋਟਾਂ ਦੌਰਾਨ ਪੰਜਾਬ ਦੇ ਭੋਲੇਭਾਲੇ ਲੋਕਾਂ ਨੂੰ ਨਸ਼ਿਆਂ ਅਤੇ ਬੇਅਦਬੀ ਦੇ ਮੁੱਦਿਆਂ ਨੂੰ ਉਠਾ ਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਨਸ਼ਾ ਸੇਰਆਮ ਵਿਕਦਾ ਹੈ।

ਇਸ ਸਰਕਾਰ ਨੇ ਲੋਕਤੰਤਰ ਦਾ ਮਜਾਕ ਬਣਾ ਕੇ ਰੱਖ ਦਿੱਤਾ ਹੈ । ਇਸ ਵਕਤ ਪੰਜਾਬ ਅੰਦਰ ਲੋਕਤੰਤਰ ਨਹੀਂ ਪੁਲਸ ਤੰਤਰ ਕੰਮ ਕਰ ਰਿਹਾ ਹੈ ਕੋਈ ਵਿਅਕਤੀ ਚਾਹੇ ਉਹ ਵਿਰੋਧੀ ਪਾਰਟੀਆਂ ਦਾ ਹੋਵੇ ਜਾਂ ਮੀਡੀਆ ਤੋਂ ਹੋਵੇ ਜਾਂ ਆਮ ਆਦਮੀ ਹੋਵੇ ਅਗਰ ਸਰਕਾਰ ਦੇ ਖਿਲਾਫ ਕੋਈ ਗੱਲ ਕਰਦਾ ਹੈ ਤਾਂ ਇਹ ਸਰਕਾਰ ਪੁਲਸ ਤੰਤਰ ਦੇ ਸਹਾਰੇ ਉਸ ਵਿਅਕਤੀ ਦੇ ਮਨੋਬਲ ਨੂੰ ਤੋੜਨ ਲਈ ਪੁਲਸ ਦਾ ਇਸਤੇਮਾਲ ਕਰਦੀ ਹੈ ਸਰਕਾਰ ਜੋ ਲੋਕਤੰਤਰ ਦਾ ਕਤਲ ਹੈ ਵੱਖ ਵੱਖ ਮੁੱਦਿਆਂ 'ਤੇ ਸਰਕਾਰਾਂ ਨੂੰ ਸੁਆਲ ਕਰਨ ਵਾਲੀ ਪਾਰਟੀ ਅੱਜ ਸੁਆਲ ਪੁੱਛਣ 'ਤੇ ਪਰਚੇ ਦਰਜ ਕਰਾ ਰਹੀ ਹੜ੍ਹਾਂ ਦੀ ਮਾਰ ਝੱਲ ਰਹੇ ਲੋਕਾਂ ਵੱਲੋਂ ਜਦੋਂ ਸਰਕਾਰੀ ਮਦਦ ਨਾ ਮਿਲਣ ਦੀ ਸ਼ਿਕਾਇਤ ਕੀਤੀ ਗਈ ਤਾ ਪਰਚੇ ਦਰਜ ਕਰਾਉਣ ਦੀਆਂ ਧਮਕੀਆਂ ਦਿੰਦੇ ਹੋਏ ਨਜਰ ਆਏ। ਇਹ ਨਕਲੀ ਇੰਨਕਲਾਬੀ ਇਸੇ ਤਰ੍ਹਾਂ ਬਹੁਜਨ ਸਮਾਜ ਪਾਰਟੀ ਵੱਲੋਂ ਸਰਕਾਰ ਦੀਆਂ ਗਲਤ ਨੀਤੀਆਂ ਨੂੰ ਲੋਕਾਂ ਤੱਕ ਲੈ ਕੇ ਜਾਣ ਵਾਲੇ ਲੀਡਰਾਂ ਤੇ ਪੁਲਸ ਨੇ ਗਲਤ ਤਰੀਕੇ ਨਾਲ ਪਰਚੇ ਦਰਜ ਕੀਤੇ ਸਰਕਾਰ ਦੀ ਇਸ ਗੁੰਡਾਗਰਦੀ ਦਾ ਮੂੰਹ ਤੋੜ ਜਵਾਬ ਦੇਣ ਲਈ ਤੇਰਾਂ ਅਗਸਤ ਨੂੰ ਬੂਟਾ ਮੰਡੀ ਜਲੰਧਰ ਵਿਖੇ ਪੰਜਾਬ ਦੇ ਅਮਨ ਪਸੰਦ ਲੋਕਾਂ ਨੂੰ ਪਹੁੰਚਣ ਦੀ ਅਪੀਲ ਕਰਦੇ ਹਾਂ।

ਭਾਰਤੀ ਮਿਆਰਾਂ ਦੇ ਨਿਰਮਾਣ ਤੇ ਖਪਤਕਾਰ ਮਾਮਲਿਆਂ ਦੀਆਂ ਗਤੀਵਿਧੀਆਂ ਬਾਰੇ ਸਮਾਗਮ 8 ਨੂੰ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)—ਭਾਰਤੀ ਮਿਆਰਾਂ ਦੇ ਨਿਰਮਾਣ,ਅਨੁਕੂਲਤਾ ਮੁਲਾਂਕਣ, ਪ੍ਰਯੋਗਸ਼ਾਲਾ ਟੈਸਟਿੰਗ, ਹਾਲਮਾਰਕਿੰਗ ਸਕੀਮ, ਖਪਤਕਾਰ ਮਾਮਲਿਆਂ ਦੀਆਂ ਗਤੀਵਿਧੀਆਂ ਦੇ ਪ੍ਰਚਾਰ ਸੰਬੰਧੀ ਸਰਗਰਮੀਆਂ, ਸਿਖਲਾਈ ਸੇਵਾਵਾਂ ਵਰਗੀਆਂ ਮਾਨਕੀਕਰਨ ਦੀਆਂ ਗਤੀਵਿਧੀਆਂ ਵਿਚ ਰੁੱਝੇ ਹੋਏ ਬਿਊਰੋ ਆਫ਼ ਇੰਡੀਅਨ ਸਟੈਂਡਰਡ (ਬੀ ਆਈ.ਐਸ) ਦੀ ਸ਼ਾਖਾ ਦਫ਼ਤਰ ਚੰਡੀਗੜ੍ਹ ਵਲੋਂ ਸਮਾਜ ਸੇਵੀ ਸੰਸਥਾ ਬੈਪਟਿਸਟ ਚੈਰੀਟੇਬਲ ਸੁਸਾਇਟੀ,ਪੰਜਾਬ ਦੇ ਸਹਿਯੋਗ ਨਾਲ ਬੀ.ਆਈ.ਐਸ ਗਤੀਵਿਧੀਆਂ ਬਾਰੇ ਮਿਤੀ 8 ਅਗਸਤ ਨੂੰ ਸਵੇਰੇ 11:00 ਵਜੇ ਤੋਂ ਦੁਪਹਿਰ 1:00 ਵਜੇ ਤੱਕ ਜ਼ਿਲ੍ਹਾ ਪ੍ਰੀਸ਼ਦ ਮੀਟਿੰਗ ਹਾਲ ਹੁਸ਼ਿਆਰਪੁਰ ਵਿਖੇ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਬਾਰੇ ਵਧੇਰੇ ਜਾਣਕਾਰੀ ਦਿੰਦੇ ਹੋਏ ਬੈਪਟਿਸਟ ਚੈਰੀਟੇਬਲ ਸੁਸਾਇਟੀ ਦੇ ਪ੍ਰਧਾਨ ਜੋਗਾ ਸਿੰਘ ਅਟਵਾਲ ਨੇ ਦੱਸਿਆ ਕਿ ਇਸ ਜਾਗਰੂਕਤਾ ਪ੍ਰੋਗਰਾਮ ਵਿਚ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ ਆਈ.ਏ.ਐਸ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਨਗੇ ਜਦ ਕਿ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਹੁਸ਼ਿਆਰਪੁਰ ਰਾਹੁਲ ਚਾਬਾ ਵਿਸ਼ੇਸ਼ ਮਹਿਮਾਨ ਹੋਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਬੀ.ਆਈ.ਐਸ ਅਧਿਕਾਰੀ ਹਿਮਾਂਸ਼ੂ ਕੁਮਾਰ ਸਹਾਇਕ ਨਿਰਦੇਸ਼ਕ/ ਵਿਗਿਆਨੀ ਅਤੇ ਵਿਕਸਿਤ ਕੁਮਾਰ ਸਟੈਂਡਰਡਜ਼ ਪ੍ਰਮੋਸ਼ਨ ਅਫਸਰ ਪ੍ਰੋਗਰਾਮ ਵਿੱਚ ਹਾਲਮਾਰਕਿੰਗ,ਆਈ.ਐਸ.ਆਈ ਮਾਰਕ ਉਤਪਾਦਾਂ ਬਾਰੇ ਜਾਗਰੂਕ ਕਰਨਗੇ। ਇਸ ਮੌਕੇ ਬੀ.ਆਈ.ਐਸ ਕੇਅਰ ਐਪ ਤੇ ਵੀ ਚਰਚਾ ਹੋਵੇਗੀ। ਇਸ ਸਮਾਗਮ ਨੂੰ ਸਫਲ ਬਣਾਉਣ ਲਈ ਮਨੀਸ਼ ਕੁਮਾਰ, ਸਰਬਜੀਤ ਗਿੱਲ, ਰਣਜੀਤ ਸਿੰਘ ਧੂਫੜ, ਅਰੁਨ ਅਟਵਾਲ ਆਦਿ ਯਤਨਸ਼ੀਲ ਹਨ।

ਸੁਸਾਇਟੀ ਦੇ ਸਥਾਪਨਾ ਦਿਵਸ ਨੂੰ ਸਮਰਪਤ ਆਯੁਰਵੈਦਿਕ ਫ੍ਰੀ ਮੈਡੀਕਲ ਕੈਂਪ

ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)-ਗੁਰੂ ਤੇਗ ਬਹਾਦਰ ਆਯੁਰਵੈਦਿਕ ਡਿਸਪੈਂਸਰੀ ਮਾਣੇਮਾਜਰਾ ਵਿਖੇ ਸ਼੍ਰੋਮਣੀ ਨਿਸ਼ਕਾਮ ਗੁਰਸਿੱਖੀ ਪ੍ਰਚਾਰ ਸੁਸਾਇਟੀ ਪੰਜਾਬ ਵਲੋਂ ਸੁਸਾਇਟੀ ਦੇ ਸਥਾਪਨਾ ਦਿਵਸ ਨੂੰ ਸਮਰਪਿਤ ਫ੍ਰੀ ਆਯੂਰਵੈਦਿਕ ਮੈਡੀਕਲ ਕੈਂਪ ਲਗਾਇਆ ਗਿਆ। ਜਿਸ ਵਿਚ 25 ਮਰੀਜਾਂ ਦਾ ਚੈੱਕ ਅੱਪ ਕਰਕੇ ਫ੍ਰੀ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਡਾਕਟਰ ਰਾਜਪਾਲ ਸਿੰਘ ਚੌਧਰੀ ਚਮਕੌਰ ਸਾਹਿਬ ਵਲੋਂ ਮਰੀਜਾਂ ਦਾ ਇਲਾਜ ਕੀਤਾ ਗਿਆ ਅਤੇ ਆਯੂਰਵੈਦਿਕ ਚਿਕਿਤਸਾ ਸੰਬੰਧੀ ਸੁਚੇਤ ਹੋਣ ਦੀ ਲੋੜ ਬਾਰੇ ਜਾਣਕਾਰੀ ਦਿੱਤੀ ਗਈ। ਸੁਸਾਇਟੀ ਦੇ ਪ੍ਰਧਾਨ ਗਿਆਨੀ ਸਤਨਾਮ ਸਿੰਘ ਵੈਦ ਵਜੀਦਪੁਰ ਵਲੋਂ ਦੱਸਿਆ ਗਿਆ ਕਿ ਇਸ ਸੁਸਾਇਟੀ ਵਲੋਂ ਅੱਠ ਸਾਲ ਵਿੱਚ 50 ਦੀ ਗਿਣਤੀ ਤੋਂ ਵੱਧ ਸਮਾਜ ਭਲਾਈ ਦੇ ਕਾਰਜ ਮੀਤ ਪ੍ਰਧਾਨ ਬੀਬੀ ਕਮਲਜੀਤ ਕੌਰ ਚੰਡੀਗੜ੍ਹ ਵਾਲੇ, ਜਸਪਾਲ ਸਿੰਘ ਦਿਓਲ ਮੋਹਾਲੀ, ਹਰਬੰਸ ਸਿੰਘ ਕੰਧੋਲਾ, ਭਜਨ ਸਿੰਘ ਸ਼ੇਰਗਿੱਲ ਮੋਹਾਲੀ, ਅਰਵਿੰਦਰ ਸਿੰਘ ਪੈਟਾ ਕੁਰਾਲੀ, ਮਾਸਟਰ ਜਗਮੋਹਨ ਸਿੰਘ ਚੌਤਾ ਨੂਰਪੁਰੀ ਬੇਦੀ, ਬਾਬਾ ਜਗਤਾਰ ਸਿੰਘ ਚੌਤਾ ਨੂਰਪੁਰੀ ਬੇਦੀ, ਗਿਆਨੀ ਹਰਦੀਪ ਸਿੰਘ ਅੰਨਦਪੁਰ ਸਾਹਿਬ, ਗਿਆਨੀ ਸ਼ੇਰ ਸਿੰਘ ਸਿਰਥਲੇ ਵਾਲੇ, ਗਿਆਨੀ ਗੁਰਮੀਤ ਸਿੰਘ ਬਿਲੋਂ ਲੁਧਿਆਣੇ ਵਾਲੇ ਅਤੇ ਅਕੈਸੀਅਨ ਗੁਰਚਰਨ ਸਿੰਘ ਥਰਮਲ ਪਲਾਂਟ ਰੋਪੜ੍ਹ ਦੇ ਸਹਿਯੋਗ ਨਾਲ ਕੀਤੇ ਜਾ ਚੁੱਕੇ ਹਨ।

ਡਿਪਟੀ ਕਮਿਸ਼ਨਰ ਵੱਲੋਂ ਆਮ ਆਦਮੀ ਕਲੀਨਿਕ ਸੰਤੇਮਾਜਰਾ ਦਾ ਦੌਰਾ

ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ)-ਡਿਪਟੀ ਕਮਿਸਨਰ ਆਸ਼ਿਕਾ ਜੈਨ ਨੇ ਇੱਥੇ ਆਖਿਆ ਕਿ ਪੰਜਾਬ ਦੀ ਮੁੱਖ ਮੰਤਰੀ ਭਗਵੰਤ ਸਰਕਾਰ ਵੱਲੋਂ ਆਮ ਲੋਕਾਂ ਦੀਆਂ ਸਿਹਤ ਸੇਵਾਵਾਂ ਨੂੰ ਮੁੱਖ ਰੱਖ ਕੇ ਸਥਾਪਿਤ ਆਮ ਆਦਮੀ ਕਲੀਨਿਕਾਂ ਨੇ ਸਿਹਤ ਸੰਭਾਲ 'ਚ ਨਵਾਂ ਅਧਿਆਇ ਜੋੜਿਆ ਹੈ। ਆਮ ਆਦਮੀ ਕਲੀਨਿਕ ਸੰਤੇਮਾਜਰਾ ਵਿਖੇ ਐਸ ਡੀ ਐਮ ਖਰੜ ਰਵਿੰਦਰ ਸਿੰਘ ਨਾਲ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਦਾ ਜਾਇਜਾ ਲੈਣ ਪੁੱਜੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਆਮ ਆਦਮੀ ਕਲੀਨਿਕਾਂ ਦੀ ਸ਼ੁਰੂਆਤ ਆਮ ਲੋਕਾਂ ਨੂੰ ਘਰਾਂ ਨੇੜੇ ਸਿਹਤ ਸਹੂਲਤਾਂ ਦੇਣ ਅਤੇ ਬਿਮਾਰੀਆਂ ਨੂੰ ਸ਼ੁਰੂਆਤੀ ਪੜਾਅ 'ਤੇ ਹੀ ਜਾਂਚ ਕਰਕੇ ਠੀਕ ਕਰਨ ਦੇ ਮੰਤਵ ਨਾਲ ਕੀਤੀ ਗਈ ਸੀ, ਜਿਸ ਨਾਲ ਵੱਡੇ ਹਸਪਤਾਲਾਂ 'ਤੇ ਵੀ ਕੰਮ ਦਾ ਬੋਝ ਘਟਿਆ ਹੈ। ਉਨ੍ਹਾਂ ਦੱਸਿਆ ਕਿ ਇੱਕ ਮੈਡੀਕਲ ਅਫਸਰ, ਇੱਕ ਫਾਰਮੇਸੀ ਅਫਸਰ ਸਮੇਤ ਚਾਰ ਸਿਹਤ ਅਧਿਕਾਰੀ ਤੇ ਕਰਮਚਾਰੀ ਇਸ ਥਾਂ 'ਤੇ ਤਾਇਨਾਤ ਕੀਤੇ ਗਏ ਹਨ, ਜੋ ਲੋਕਾਂ ਨੂੰ 104 ਤਰ੍ਹਾਂ ਦੀਆਂ ਦਵਾਈਆਂ ਅਤੇ 41 ਤਰ੍ਹਾਂ ਦੇ ਲੈਬ ਟੈਸਟ ਮੁਫਤ ਮੁਹੱਈਆ ਕਰਵਾਉਂਦੇ ਹਨ। ਉਨ੍ਹਾਂ ਦੱਸਿਆ ਕਿ ਆਮ ਆਦਮੀ ਕਲੀਨਿਕ 'ਚ ਆਉਣ ਵਾਲੇ ਮਰੀਜ ਦਾ ਡਾਟਾ ਆਨਲਾਈਨ ਰੱਖਿਆ ਜਾਂਦਾ ਹੈ, ਜਿਸ ਨਾਲ ਮਰੀਜ ਨੂੰ ਜੇਕਰ ਅੱਗੇ ਸੈਕੰਡਰੀ ਸਿਹਤ ਸੰਸਥਾ ਲਈ ਰੈਫਰ ਕੀਤਾ ਜਾਂਦਾ ਹੈ ਤਾਂ ਉੱਥੇ ਮਰੀਜ ਦੀ ਹਿਸਟਰੀ ਆਨਲਾਈਨ ਹੀ ਪਤਾ ਲਾਈ ਜਾ ਸਕਦੀ ਹੈ। ਡਿਪਟੀ ਕਮਿਸ਼ਨਰ ਅਨੁਸਾਰ ਜ਼ਿਲ੍ਹੇ 'ਚ ਇਸ ਵੇਲੇ 34 ਆਮ ਆਦਮੀ ਕਲੀਨਿਕ ਕੰਮ ਕਰ ਰਹੇ ਹਨ, ਜਿਨ੍ਹਾਂ 'ਚ ਹੁਣ ਤੱਕ 4,34,699 ਮਰੀਜਾਂ ਦੀ ਸਿਹਤ ਜਾਂਚ ਕੀਤੀ ਜਾ ਚੁੱਕੀ ਹੈ ਅਤੇ ਇਨ੍ਹਾਂ 'ਚੋਂ 51,451 ਮਰੀਜਾਂ ਨੂੰ ਮੁਫਤ ਟੈਸਟਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ।

ਉਨ੍ਹਾਂ ਨੇ ਲੋਕਾਂ ਨੂੰ ਆਪਣੀ ਸਿਹਤ ਸੰਭਾਲ ਲਈ ਆਮ ਆਦਮੀ ਕਲੀਨਿਕਾਂ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਸਮੇਤ ਜ਼ਿਲ੍ਹੇ ਦੇ ਸਾਰੇ ਉੱਚ ਅਧਿਕਾਰੀ ਅਤੇ ਸਿਹਤ ਅਧਿਕਾਰੀ ਇਨ੍ਹਾਂ ਕਲੀਨਿਕਾਂ ਦਾ ਸਮੇਂ-ਸਮੇਂ ਸਿਰ ਨਿਰੀਖਣ ਕਰਕੇ, ਇੱਥੇ ਮੌਜੂਦ ਸਟਾਫ ਅਤੇ ਦਵਾਈ ਲੈਣ ਆਏ ਮਰੀਜਾਂ ਤੋਂ ਮੁਸ਼ਕਿਲਾਂ ਅਤੇ ਫੀਡ ਬੈਕ ਲੈਂਦੇ ਰਹਿੰਦੇ ਹਨ।

ਲੇਬਰ ਚੌਕ 'ਚ ਕੀਤੀ ਜਾਂਦੀ ਗੁੰਡਾਗਰਦੀ ਤੁਰੰਤ ਰੋਕੀ ਜਾਵੇ : ਸ਼ਾਮ ਲਾਲ

ਖਰੜ (ਹਰਨਾਮ ਸਿੰਘ ਡੱਲਾ)

ਚੋਣਾਂ ਜਿੱਤਣ ਤੋਂ ਬਾਅਦ ਸਹੀਦ ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਵਿਖੇ ਸੌਂਹ ਚੁੱਕ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਕਿਹਾ ਗਿਆ ਸੀ ਕਿ ਉਨ੍ਹਾਂ ਦੀ ਸਰਕਾਰ ਲੋਕਾਂ ਦੇ ਕੰਮ ਬਿਨਾਂ ਕਿਸੇ ਰਾਜਨੀਤਕ ਅਤੇ ਨਿੱਜੀ ਭੇਦਭਾਵ ਤੋਂ ਕਰੇਗੀ। ਹੁਣ ਇਹ ਵਿਚਾਰ ਜੁਮਲਾ ਸਾਬਤ ਹੋ ਰਿਹਾ ਹੈ। ਇਹ ਗੱਲ ਸੀ ਪੀ ਐੱਮ ਜ਼ਿਲ੍ਹਾ ਮੋਹਾਲੀ ਦੇ ਸਕੱਤਰ ਕਾਮਰੇਡ ਸ਼ਾਮ ਲਾਲ ਡੇਰਾਬਸੀ ਨੇ ਖਰੜ ਵਿਖੇ ਪੱਤਰਕਾਰ ਸੰਘ ਦੇ ਦਫਤਰ ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਹੀ। ਇਸ ਸਮੇਂ ਉਨ੍ਹਾਂ ਨਾਲ ਸੀਟੂ ਜ਼ਿਲ੍ਹਾ ਮੋਹਾਲੀ ਦੇ ਜਨਰਲ ਸਕੱਤਰ ਕਾਮਰੇਡ ਦਿਨੇਸ਼ ਪ੍ਰਸਾਦ,ਸੀ ਪੀ ਐੱਮ ਦੇ ਤਹਿਸੀਲ ਸਕੱਤਰ ਕਾਮਰੇਡ ਬਲਬੀਰ ਮੁਸਾਫਿਰ, ਸਥਾਨਕ ਭਾਰਤ ਨਿਰਮਾਣ ਮਿਸਤਰੀ ਮਜਦੂਰ ਯੂਨੀਅਨ ਖਰੜ ਦੇ ਪ੍ਰਧਾਨ ਸੁਰਿੰਦਰ ਸਿੰਘ ਬਡਾਲਾ,ਜੁਆਇੰਟ ਸਕੱਤਰ ਕਰਮਜੀਤ ਸਿੰਘ ਖੇੜੀ ਬੀਰ ਸਿੰਘ ਅਤੇ ਨਿਰਮਲ ਸਿੰਘ ਕਸੁੰਬੜੀ ਵੀ ਮੌਜੂਦ ਸਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਜਦੂਰ ਆਗੂਆਂ ਨੇ ਪਿਛਲੇ ਦਿਨੀਂ ਮਿਤੀ 26 ਜੁਲਾਈ 2023 ਨੂੰ ਉਨ੍ਹਾਂ ਦੀ ਸਥਾਨਕ ਯੂਨੀਅਨ ਦੇ ਆਗੂਆਂ ਨਿਰਮਲ ਸਿੰਘ ਕਸੁੰਬੜੀ ਅਤੇ ਸੁਰਿੰਦਰ ਸਿੰਘ ਬਡਾਲਾ

6 AUG-Page-8-Majha-23.qxd 8/5/2023 10:31 PM Page 1

ਲੋਦੀਪੁਰ 'ਚ ਲੋਕਾਂ ਨੂੰ ਹੱਕੀ ਮੰਗਾਂ ਬਾਰੇ ਜਾਗਰੂਕ ਕਰਕੇ ਸੰਘਰਸ਼ ਲਈ ਕੀਤਾ ਲਾਮਬੰਦ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵਲੋਂ ਭਾਰਤ ਮਾਲਾ ਪ੍ਰਾਜੈਕਟ ਸਬੰਧਿਤ ਮੰਗਾਂ ਸਮੇਤ ਹੋਰ ਮੰਗਾਂ ਨੂੰ ਲੈ ਕੇ ਚੰਡੀਗੜ੍ਹ ਵਿਖੇ 22 ਅਗਸਤ ਨੂੰ ਕੀਤੇ ਜਾਣ ਵਾਲੇ ਸੂਬਾ ਪੱਧਰੀ ਸੰਘਰਸ਼ ਦੀਆਂ ਤਿਆਰੀਆਂ ਸਬੰਧੀ ਜੋਨ ਸਠਿਆਲੀ ਦੇ ਪਿੰਡਾਂ ਦੀਆਂ ਕਮੇਟੀਆਂ ਦੇ ਆਗੂਆਂ ਦੀ ਮੀਟਿੰਗ ਪਿੰਡ ਲੋਦੀਪੁਰ ਵਿੱਚ ਜੋਨ ਸਠਿਆਲੀ ਦੇ ਪ੍ਰੈੱਸ ਸਕੱਤਰ ਹਰਚਰਨ ਸਿੰਘ ਧਾਰੀਵਾਲ ਕਲਾਂ ਤੇ ਸਹਾਇਕ ਖਜ਼ਾਨਚੀ ਸਤਨਾਮ ਸਿੰਘ ਖਾਨਮਲੱਕ ਦੀ ਅਗਵਾਈ ਵਿੱਚ ਹੋਈ।

ਮੀਟਿੰਗ ਵਿੱਚ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਹਰਦੀਪ ਸਿੰਘ ਫੌਜੀ ਤੇ ਮਾਸਟਰ ਗੁਰਜੀਤ ਸਿੰਘ ਬੱਲੜਵਾਲ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਦੌਰਾਨ ਜ਼ੋਨ ਦੇ ਵੱਖ-ਵੱਖ ਪਿੰਡਾਂ ਦੇ ਪ੍ਰਧਾਨਾਂ ਨੇ ਵੱਖ-ਵੱਖ ਮੁੱਦਿਆਂ 'ਤੇ ਵਿਚਾਰ ਚਰਚਾ ਕਰਦਿਆਂ ਆਪਣੀਆਂ ਪ੍ਰਾਪਤੀਆਂ ਤੇ ਸਰਕਾਰੇ ਦਰਬਾਰੇ ਆ ਰਹੀਆਂ ਮੁਸ਼ਕਿਲਾਂ ਬਾਰੇ ਦੱਸਿਆ। ਬੁਲਾਰਿਆਂ ਨੇ ਕਿਹਾ ਕਿ ਪੰਜਾਬ ਅੰਦਰ ਦਿਨੋ ਦਿਨ ਵਧ ਰਿਹਾ ਨਸ਼ਾ ਵੱਡਾ ਚਿੰਤਾ ਦਾ ਵਿਸ਼ਾ ਹੈ। ਜ਼ਿਲ੍ਹਾ ਪ੍ਰਧਾਨ ਹਰਦੀਪ ਸਿੰਘ ਫੌਜੀ ਨੇ ਕਿਹਾ ਜਥੇਬੰਦੀ ਸਰਬੱਤ ਦੇ ਭਲੇ ਦਾ ਮਿਸ਼ਨ ਲੈ ਕੇ ਚੱਲ ਰਹੀ ਹੈ, ਜਿਸ ਵਿੱਚ ਕਿਸਾਨ, ਮਜ਼ਦੂਰ, ਦੁਕਾਨਦਾਰ, ਮੁਲਾਜ਼ਮਾਂ ਆਦਿ ਸਮੇਤ ਹਰੇਕ ਵਰਗ ਨੂੰ ਬਰਾਬਰ ਦਾ ਦਰਜਾ ਸਤਿਕਾਰ ਮਿਲਦਾ ਹੈ। ਖਜ਼ਾਨਚੀ ਸਤਨਾਮ ਸਿੰਘ ਖਾਨਮਲੱਕ ਨੇ ਫੰਡਾਂ ਬਾਰੇ ਰਿਪੋਰਟ ਪੇਸ਼ ਕੀਤੀ। ਜਥੇਬੰਦੀ ਦੇ ਇਸਤਰੀ ਵਿੰਗ ਪਿੰਡ ਭੁੰਬਲੀ ਦੀ ਪ੍ਰਧਾਨ ਬੀਬੀ ਨਰਿੰਦਰ ਕੌਰ, ਨਿਰਮਲ ਕੌਰ ਪ੍ਰਧਾਨ ਗਿੱਲਮੰਜ, ਸਰਬਜੀਤ ਕੌਰ ਪ੍ਰਧਾਨ ਲੋਦੀਪੁਰ ਨੇ ਆਪੋ ਆਪਣੇ ਵਿਚਾਰ ਸਾਂਝੇ ਕਰਦਿਆਂ ਹੱਕ ਸੱਚ ਦੀ ਲੜਾਈ ਲੜਣ ਅਤੇ ਸੰਘਰਸ਼ਾਂ ਨੂੰ ਕਾਮਯਾਬ ਬਣਾਉਣ ਲਈ ਇੱਕ ਜੁੱਟ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਸੰਘਰਸ਼ਾਂ ਵਿੱਚ ਜੂਝਣ ਲਈ ਮਰਦਾਂ ਦੇ ਨਾਲ ਔਰਤਾਂ ਦਾ ਵੀ ਇਕਜੁੱਟ ਹੋਣਾ ਸਮੇਂ ਦੀ ਵੱਡੀ ਲੋੜ ਹੈ। ਆਗੂਆਂ ਨੇ ਕਿਹਾ ਕਿ ਸਰਕਾਰ ਮੰਨੀਆਂ ਮੰਗਾਂ ਨੂੰ ਜਾਣਬੁੱਝ ਕੇ ਲਾਗੂ ਨਹੀਂ ਕਰ ਰਹੀ ਅਤੇ ਕਾਰਪੋਰੇਟ ਘਰਾਣਿਆਂ ਦੇ ਇਸ਼ਾਰਿਆਂ 'ਤੇ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਹੜ੍ਹ ਆਉਣਾ ਕੁਦਰਤੀ ਵਰਤਾਰਾ ਹੈ ਪਰ ਇਸ ਵਾਰ ਹੜ੍ਹ ਆਉਣ ਦਾ ਕਾਰਨ ਸਰਕਾਰਾਂ ਦੀਆਂ ਗਲਤ ਨੀਤੀਆਂ ਹਨ। ਉਨ੍ਹਾਂ ਨੇ ਮੰਗ ਕੀਤੀ ਹੜ੍ਹ ਦੀ ਮਾਰ ਹੇਠ ਫਸਲਾਂ 50 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ ਅਤੇ ਹੜ੍ਹ ਪੀੜਤਾਂ ਦੀ ਜਲਦ ਤੋਂ ਜਲਦ ਹਰ ਸੰਭਵ ਸਹਾਇਤਾ ਕੀਤੀ ਜਾਵੇ।

ਬੁਲਾਰਿਆਂ ਨੇ ਕਿਹਾ ਸਰਕਾਰ ਤੇ ਪ੍ਰਸ਼ਾਸ਼ਨ ਵੱਲੋਂ ਮੰਨੀਆਂ ਹੋਈਆਂ ਮੰਗਾਂ ਜਲਦ ਪੂਰੀਆਂ ਨਾ ਕੀਤੀਆਂ ਤਾਂ ਵੱਡੇ ਸੰਘਰਸ਼ ਸ਼ੁਰੂ ਕੀਤੇ ਜਾਣਗੇ। ਇਸ ਮੌਕੇ ਗੁਰਪ੍ਰੀਤ ਸਿੰਘ ਭੁੰਬਲੀ, ਦਵਿੰਦਰ ਸਿੰਘ ਲੋਦੀਪੁਰ, ਹੋਮ ਸਿੰਘ ਸਰਸਪੁਰ, ਸ਼ਾਮ ਸਿੰਘ ਗਿੱਲਮੰਜ, ਅਮਰੀਕ ਸਿੰਘ ਲੋਦੀਪੁਰ, ਰਜਿੰਦਰ ਸਿੰਘ ਸਹਾਇਪੁਰ, ਹਰਚਰਨ ਸਿੰਘ ਧਾਰੀਵਾਲ, ਸਾਹਿਬ ਸਿੰਘ ਪ੍ਰਧਾਨ ਧਾਰੀਵਾਲ ਕਲਾਂ, ਮਨਜੀਤ ਸਿੰਘ ਖਾਨਮਲੱਕ ਪ੍ਰਧਾਨ, ਨਵਜੋਤ ਸਿੰਘ ਪਸਨਾਵਾਲ, ਸਮਸ਼ੇਰ ਸਿੰਘ ਭਖਾਰੀ ਹਾਰਨੀਆ, ਸਰੂਪ ਸਿੰਘ ਅਲਾਵਲਪੁਰ, ਹਰਪਾਲ ਸਿੰਘ ਸਿੰਘਵਾਂ, ਨਿਰਮਲ ਸਿੰਘ ਮਾੜੇ, ਪ੍ਰਧਾਨ ਗੁਰਮੀਤ ਸਿੰਘ ਸਰਸਪੁਰ ਆਦਿ ਤੋਂ ਇਲਾਵਾ ਵੀ ਕਿਸਾਨ ਮਜ਼ਦੂਰ ਅਤੇ ਔਰਤਾਂ ਹਾਜ਼ਰ ਸਨ।

ਅੱਖਾਂ ਦਾ ਫਲੂ ਜ਼ੋਰਾਂ 'ਤੇ, ਲੋਕ ਖੌਫਜ਼ਦਾ; ਸਿਹਤ ਵਿਭਾਗ ਬੇਖਬਰ!

ਮਜੀਠਾ (ਸੋਇਮ ਆਨੰਦ)-ਸੂਬੇ ਭਰ ਵਿਚ ਅੱਖਾਂ ਦਾ ਫਲੂ ਜ਼ੋਰਾਂ 'ਤੇ ਹੈ। ਇਸ ਦੇ ਨਾਲ ਹੀ ਮਜੀਠਾ ਅਤੇ ਇਸਦੇ ਲਾਗਲੇ ਇਲਾਕਿਆਂ ਵਿਚ ਵੀ ਅੱਖਾਂ ਦੇ ਫਲੂ ਨਾਲ ਬਹੁਤ ਸਾਰੇ ਵਿਅਕਤੀ ਬਿਮਾਰ ਹੋ ਚੁਕੇ ਹਨ ਜਿਸ ਦੀ ਮਿਸਾਲ ਸ਼ਹਿਰ ਮਜੀਠਾ ਅਤੇ ਲਾਗਲੇ ਪਿੰਡਾਂ ਵਿਚਲੇ ਸਰਕਾਰੀ ਅਤੇ ਗੈਰ-ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਤੋਂ ਮਿਲਦੀ ਹੈ। ਹਰੇਕ ਸਕੂਲ ਵਿਚ ਦਰਜਨਾਂ ਦੇ ਹਿਸਾਬ ਨਾਲ ਵਿਦਿਆਰਥੀ ਅੱਖਾਂ ਦੇ ਫਲੂ ਦੀ ਬਿਮਾਰੀ ਤੋ ਪੀੜਤ ਹਨ ਜਿਸ ਕਰਕੇ ਕਈ ਸਕੂਲਾਂ ਵਾਲਿਆਂ ਨੇ ਤਾਂ ਇਸ ਬਿਮਾਰੀ ਨਾਲ ਪੀੜ੍ਹਤ ਵਿਦਿਆਰਥੀਆਂ ਨੂੰ ਸਕੂਲ ਵਿਚ ਆਉਣ ਤੋਂ ਮਨ੍ਹਾ ਵੀ ਕਰ ਦਿੱਤਾ ਹੈ। ਮਾਹਿਰਾਂ ਅਨੁਸਾਰ ਇਹ ਬਿਮਾਰੀ ਛੂਤ ਦਾ ਰੋਗ ਹੈ, ਦੂਸਰੇ ਵਿਅਕਤੀ ਤੱਕ ਸਪਰਸ਼ ਕਰਨ ਨਾਲ ਜਾਂ ਅੱਖਾਂ ਵੱਲ ਦੇਖਣ ਨਾਲ ਬਹੁਤ ਜਲਦੀ ਫੈਲਦਾ ਹੈ। ਜਿਸ ਕਾਰਣ ਲੋਕ ਕਾਫੀ ਭੈਭੀਤ ਹਨ ਪਰ ਇਸ ਦੇ ਉਲਟ ਸਿਹਤ ਵਿਭਾਗ ਪੰਜਾਬ ਅਤੇ ਪੰਜਾਬ ਸਰਕਾਰ ਇਸ ਬਾਰੇ ਸ਼ਾਇਦ ਬੇਖਬਰ ਹੈ। ਸਰਕਾਰੀ ਹਸਪਤਾਲ ਮਜੀਠਾ ਦੇ ਇੱਕ ਮੈਡੀਕਲ ਅਫਸਰ ਨਾਲ ਗੱਲ ਕਰਨ ਤੇ ਉਨ੍ਹਾਂ ਦੱਸਿਆ ਕਿ ਅੱਖਾਂ ਦੇ ਫਲੂ ਸਬੰਧੀ ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਵਲੋਂ ਅਜੇ ਤੱਕ ਕੋਈ ਦਿਸ਼ਾ ਨਿਰਦੇਸ਼ ਜਾਰੀ ਨਹੀਂ ਹੋਏ। ਸੋਸ਼ਲ ਵੈੱਲਫੇਅਰ ਸੁਸਾਇਟੀ ਮਜੀਠਾ ਦੇ ਜਨਰਲ ਸਕੱਤਰ ਜੋਗਾ ਸਿੰਘ ਅਠਵਾਲ ਅਤੇ ਮੈਂਬਰ ਰਵਿੰਦਰ ਸਿੰਘ ਗਿੱਲ ਮਜੀਠਾ ਨੇ ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਪਾਸੋਂ ਅੱਖਾਂ ਦੇ ਫਲੂ ਨੂੰ ਅਗੇ ਵਧਣ ਤੋ ਰੋਕਣ ਲਈ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿਚ ਵਿਦਿਆਰਥੀਆਂ ਦੀਆਂ ਅੱਖਾਂ ਦੀ ਜਾਂਚ ਵਾਸਤੇ ਸਪੈਸ਼ਲ ਕੈਂਪ ਲਗਾਏ ਜਾਣ ਅਤੇ ਮੁਫਤ ਦਵਾਈਆਂ ਦੇਣ, ਸਰਕਾਰੀ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿਚ ਸਪੈਸ਼ਲ ਵਾਰਡ ਬਣਾਏ ਜਾਣ ਦੀ ਮੰਗ ਕੀਤੀ ਤਾਂ ਕਿ ਇਹ ਛੂਤ-ਛਾਤ ਦੀ ਬਿਮਾਰੀ ਅੱਗੇ ਨਾ ਵਧ ਸਕੇ।

ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਨਵੇ ਮੁਹੱਲਾ ਕਲੀਨਿਕ ਖੋਲ੍ਹਣ ਦੀ ਜਗ੍ਹਾ 'ਤੇ ਪੁਰਾਣੇ ਹਸਪਤਾਲਾਂ ਵਿਚ ਹੀ ਸਾਰੀਆਂ ਬਿਮਾਰੀਆਂ ਦੇ ਮਾਹਿਰ ਡਾਕਟਰਾਂ ਦੀ ਘਾਟ ਪੂਰੀ ਕਰੇ ਅਤੇ ਹੋਰ ਸਾਜ਼ੋ ਸਾਮਾਨ ਅਤੇ ਦਵਾਈਆਂ ਉਪਲੱਬਧ ਕਰਾਵੇ। ਸੂਤਰਾਂ ਮੁਤਾਬਕ ਮਜੀਠਾ ਦੇ ਸਰਕਾਰੀ ਹਸਪਤਾਲ ਵਿਚ ਹਫਤੇ ਵਿਚ ਸਿਰਫ ਦੋ ਦਿਨ ਲਈ ਅੱਖਾਂ ਦੀ ਜਾਂਚ ਕਰਨ ਵਾਲੇ ਮਾਹਿਰ ਡਾਕਟਰ ਆਉਂਦੇ ਹਨ।

ਲੋਕਾਂ ਨੇ ਸਿਹਤ ਵਿਭਾਗ ਪਾਸੋਂ ਮੰਗ ਕੀਤੀ ਕਿ ਅਜਿਹੀ ਨਾਜ਼ੁਕ ਸਥਿਤੀ ਵਿਚ ਹਫਤੇ ਦੇ ਸਾਰੇ ਕੰਮ ਵਾਲੇ ਦਿਨ ਅੱਖਾਂ ਦੇ ਮਾਹਿਰ ਡਾਕਟਰ ਦੀ ਹਾਜ਼ਰੀ ਯਕੀਨੀ ਬਣਾਈ ਜਾਣੀ ਚਾਹੀਦੀ ਹੈ।

ਮੋਦੀ ਸਰਕਾਰ ਅਸਲਾ ਭੰਡਾਰ ਕਰਨ ਦੀ ਥਾਂ ਜੁਆਨੀ ਨੂੰ ਰੁਜ਼ਗਾਰ ਦੇਵੇ: ਮਾੜੀਮੇਘਾ, ਸੁੱਚਾ ਧੌਲ

ਤਰਨ ਤਾਰਨ (ਨਜ਼ਸ)-ਪੰਜਾਬ ਰੋਡਵੇਜ਼ ਰਿਟਾਇਰੀ ਜਥੇਬੰਦੀ ਏਟਕ ਤਰਨਤਾਰਨ ਦੀ ਮੀਟਿੰਗ ਸ਼ਹੀਦ ਨਛੱਤਰ ਭਵਨ ਬੱਸ ਸਟੈਂਡ ਤਰਨਤਾਰਨ ਵਿਖੇ ਹੋਈ। ਮੀਟਿੰਗ ਵਿੱਚ ਜਥੇਬੰਦੀ ਦੇ ਪ੍ਰਮੁੱਖ ਆਗੂ ਸੁੱਚਾ ਸਿੰਘ ਧੌਲ ਤੇ ਸਵਰਨ ਸਿੰਘ ਨੇ ਪਿਛਲੇ ਮਹੀਨੇ ਵਿਖੇ ਰਿਟਾਇਰੀ ਮੁਲਾਜ਼ਮਾਂ ਦੇ ਕੀਤੇ ਹੋਏ ਕੰਮਾਂ ਤੇ ਚਾਨਣਾ ਪਾਉਣ ਤੋਂ ਬਾਅਦ ਮੋਦੀ ਸਰਕਾਰ ਦੀ ਨੁਕਤਾਚੀਨੀ ਕਰਦਿਆਂ ਕਿਹਾ ਕਿ ਇਹ ਸਰਕਾਰ ਕਾਰਪੋਰੇਟ ਘਰਾਣਿਆਂ ਦੀ ਕੱਠਪੁਤਲੀ ਹੈ। ਇਸ ਸਰਕਾਰ ਨੇ ਪਬਲਿਕ ਅਦਾਰਿਆਂ ਨੂੰ ਅੰਡਾਨੀ ਅੰਬਾਨੀ ਵਰਗੇ ਕਾਰਪੋਰੇਟਾਂ ਨੂੰ ਵੇਚ ਦਿੱਤਾ ਹੈ। ਇਸ ਲਈ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਏਕਤਾ ਦਾ ਇਜ਼ਹਾਰ ਕਰਦਿਆਂ ਮੋਦੀ ਸਰਕਾਰ ਦਾ ਡੱਟਵਾਂ ਵਿਰੋਧ ਕਰੀਏ। ਸੀਪੀਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਅਮਰੀਕਾ ਨੇ ਦੂਜੀ ਸੰਸਾਰ ਜੰਗ ਵਿੱਚ 6 ਅਗਸਤ ਨੂੰ ਹੀਰੋਸ਼ੀਮਾ ਤੇ 9 ਅਗਸਤ 1945 ਨੂੰ ਘੁੱਗ ਵੱਸਦੇ ਸ਼ਹਿਰਾਂ 'ਤੇ ਐਟਮ ਬੰਬ ਸੁੱਟ ਕੇ ਮਿੰਟਾਂ-ਸਕਿੰਟਾਂ ਵਿੱਚ ਮਲੀਆ ਮੇਟ ਕਰ ਦਿੱਤੇ ਸਨ। ਇਨ੍ਹਾਂ ਘਾਤਕ ਬੰਬਾਂ ਨਾਲ 140000 ਦੇ ਕਰੀਬ ਲੋਕ ਮਾਰੇ ਗਏ ਤੇ ਇਸ ਤੋਂ ਕਿਤੇ ਜ਼ਿਆਦਾ ਲੂਲੇ-ਲੰਗੜੇ ਹੋ ਗਏ ਸਨ। ਅਮਰੀਕਾ ਨੇ ਦੁਨੀਆ ਨੂੰ ਆਪਣੀ ਸਰਦਾਰੀ ਵਿਖਾਉਣ ਵਾਸਤੇ ਵਿਸ਼ਵ ਜੰਗ ਦੇ ਖਾਤਮੇ 'ਤੇ ਬੰਬ ਸੁੱਟੇ ਤੇ ਲੱਖਾਂ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਤੋਂ ਕਿਤੇ ਵਧੇਰੇ ਲੰਗੜੇ-ਲੂਲੇ ਹੋ ਗਏ। ਉਨ੍ਹਾਂ ਬੰਬਾਂ ਦਾ ਘਾਤਕ ਅਸਰ ਹੁਣ ਤੱਕ ਹੈ। ਇਨ੍ਹਾਂ ਬੰਬਾਂ ਤੋਂ ਬਾਅਦ ਜਿਹੜੀ ਨਵੀਂ ਪੀੜ੍ਹੀ ਨੇ ਜਨਮ ਲਿਆ ਉਨ੍ਹਾਂ 'ਤੇ ਇੰਨਾ ਘਾਤਕ ਅਸਰ ਪਿਆ ਕਿ ਉਨ੍ਹਾਂ ਵਿੱਚੋਂ ਕਈ ਅੰਗਹੀਣ ਜਨਮੇ। ਉਹ ਹਾਲੇ ਵੀ ਵੇਖੇ ਜਾ ਸਕਦੇ ਹਨ। ਦੁਨੀਆ ਭਰ ਵਿੱਚ ਐਟਮ ਬੰਬ 1983 ਤੱਕ ਹੀ ਇੰਨੇ ਜ਼ਿਆਦਾ ਬਣ ਚੁੱਕੇ ਸਨ ਕਿ ਧਰਤੀ 'ਤੇ ਕਿੰਨੀ ਵਾਰ ਜੀਵਤ ਜਾਤੀ ਭਾਵ ਬਨਸਪਤੀ ਤੱਕ ਖਤਮ ਕੀਤੀ ਜਾ ਸਕਦੀ ਸੀ। ਹੁਣ 2023 ਜਾ ਰਿਹਾ ਹੈ ਤੇ ਇਸ ਤੋਂ ਪਹਿਲਾਂ ਤੱਕ ਕਿੰਨੇ ਬੰਬ ਬਣ ਚੁੱਕੇ ਹਨ। ਜੇ ਇਨ੍ਹਾਂ ਬੰਬਾਂ ਦੀ ਵਰਖਾ ਹੋ ਗਈ ਤਾਂ ਹਰਿਆਵਲ ਤੇ ਖਤਮ ਹੋਣੀ ਹੀ ਹੋਣੀ ਹੈ ਪਤਾ ਨਹੀਂ ਕਿੰਨਿਆਂ ਸਾਲਾਂ ਬਾਅਦ ਧਰਤੀ 'ਤੇ ਬਨਸਪਤੀ ਉੱਗੇਗੀ। ਚਾਹੀਦਾ ਇਹ ਹੈ ਕਿ ਬੰਬਾਂ 'ਤੇ ਪੈਸਾ ਖਰਚਣ ਦੀ ਥਾਂ ਲੋਕਾਂ ਨੂੰ ਰੁਜ਼ਗਾਰ ਦਿੱਤਾ ਜਾਵੇ। ਲੋਕ ਖੁਸ਼ਹਾਲ ਹੋਣਗੇ ਪਰ ਪੂੰਜੀਵਾਦੀ ਪ੍ਰਬੰਧ ਦੀ ਇਹ ਸੋਚ ਨਹੀਂ ਹੈ।

ਮੀਟਿੰਗ ਨੂੰ ਸਰਬਜੀਤ ਸਿੰਘ ਪ੍ਰਧਾਨ ਪੱਟੀ, ਸੂਬਾ ਸਿੰਘ ਪੱਟੀ, ਦਿਲਬਾਗ ਸਿੰਘ, ਮਹਿੰਦਰ ਸਿੰਘ ਨੂਰਪੁਰ, ਜੀਵਨ ਸਿੰਘ, ਕਸ਼ਮੀਰ ਸਿੰਘ, ਰਾਮ ਸਿੰਘ, ਗੁਰਦੀਪ ਸਿੰਘ, ਹਰਜੀਤ ਸਿੰਘ ਅਤੇ ਬਲਵਿੰਦਰ ਸਿੰਘ ਨੇ ਵੀ ਸੰਬੋਧਨ ਕੀਤਾ।

ਕਿਸਾਨਾਂ ਤੇ ਮਜ਼ਦੂਰਾਂ ਇਕੱਠੇ ਹੋ ਕੇ ਵਿਕਦੇ ਨਸ਼ਿਆਂ ਖਿਲਾਫ ਵਜਾਇਆ ਬਿਗੁਲ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਹਲਕੇ ਅੰਦਰ ਸ਼ਰੇਆਮ ਵਿਕ ਰਹੇ ਚਿੱਟੇ ਅਤੇ ਇਸ ਨਾਲ ਦਿਨ ਦਿਹਾੜੇ ਹੋ ਰਹੀਆਂ ਨੌਜਵਾਨਾਂ ਦੀਆਂ ਮੌਤਾਂ ਖਿਲਾਫ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਵਿਸ਼ਾਲ ਇਕੱਤਰਤਾ ਹਰੀਕੇ ਵਿਖੇ ਹੋਈ। ਇਸ ਦੌਰਾਨ ਪਿੰਡ 'ਚ ਹੋ ਰਹੇ ਚਿੱਟੇ ਦੇ ਕਾਲੇ ਕਾਰੋਬਾਰ ਨੂੰ ਬੰਦ ਕਰਾਉਣ ਲਈ ਸਮਾਜਿਕ ਏਕਤਾ ਦਾ ਹੋਕਾ ਦਿੱਤਾ ਗਿਆ। ਜ਼ੋਨ ਆਗੂ ਸਵਰਨ ਸਿੰਘ ਹਰੀਕੇ, ਪ੍ਰਧਾਨ ਸਤਨਾਮ ਸਿੰਘ ਵਾਂਦਰ ਦੀ ਅਗਵਾਈ 'ਚ ਹੋਈ ਪੰਦਰਵਾੜਾ ਮੀਟਿੰਗ ਦੌਰਾਨ ਕਿਸਾਨਾਂ ਮਜਦੂਰਾਂ ਦੇ ਚਲੰਤ ਮਸਲਿਆਂ 'ਤੇ ਖੁੱਲ ਕੇ ਵਿਚਾਰ ਚਰਚਾ ਕੀਤੀ ਗਈ। ਆਪਣੇ ਸੰਬੋਧਨ ਦੌਰਾਨ ਸਵਰਨ ਸਿੰਘ ਹਰੀਕੇ ਨੇ ਦੱਸਿਆ ਕਿ ਸਭ ਤੋਂ ਵੱਡੇ ਸਮਾਜਿਕ ਕੋਹੜ 'ਨਸ਼ੇ' ਨੂੰ ਖਤਮ ਕਰਨ ਲਈ ਇਕ ਪਲੇਟਫਾਰਮ ਤੇ ਇਕੱਠੇ ਹੋਣਾ ਸਮੇਂ ਦੀ ਲੋੜ ਹੈ।

ਉਨ੍ਹਾਂ ਦੱਸਿਆ ਕਿ ਦੁੱਖ ਦੀ ਗੱਲ ਤਾਂ ਇਹ ਹੈ ਕਿ ਤਸਕਰਾਂ ਦੀ ਪੁਸ਼ਤਪਨਾਹੀ ਕਰਕੇ ਹਰੀਕੇ ਪੱਤਣ ਨਸ਼ਿਆਂ ਦੀ ਰਾਜਧਾਨੀ ਬਣ ਚੁੱਕਾ। ਹਰ ਰੋਜ਼ ਦਰਜਨਾਂ ਪਿੰਡਾਂ ਦੇ ਨੌਜਵਾਨਾਂ ਦਾ ਨਸ਼ੇ ਦੀ ਪੂਰਤੀ ਲਈ ਇਥੇ ਆਉਣਾ ਜਾਣਾ ਲੱਗਾ ਰਹਿੰਦਾ। ਇਸ ਕਾਰੋਬਾਰ ਨੂੰ ਜੜ੍ਹੋਂ ਪੁੱਟਣ ਲਈ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਦੇ ਝੰਡੇ ਹੇਠ ਇਕੱਤਰ ਹੋਣ ਤੋਂ ਬਿਨਾਂ ਕੋਈ ਰਸਤਾ ਨਹੀਂ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਰਾਹ ਪਏ ਨੌਜਵਾਨਾਂ ਦੇ ਮਾਪਿਆਂ ਨੂੰ ਅੱਗੇ ਆ ਕੇ ਹਾਅ ਦਾ ਨਾਅਰਾ ਮਾਰਨਾ ਬਣਦਾ।

ਇਸ ਤੋਂ ਇਲਾਵਾ ਪੰਜਾਬ ਦੀਆਂ 16 ਕਿਸਾਨ ਜਥੇਬੰਦੀਆਂ ਦੇ ਸਾਂਝੇ ਪ੍ਰੋਗਰਾਮ ਅਨੁਸਾਰ ਹੜ੍ਹ ਪੀੜ੍ਹਤਾਂ ਲਈ ਮੁਆਵਜ਼ੇ ਦਾ ਮੋਰਚਾ ਲਗਾਇਆ ਜਾ ਰਿਹਾ ਜਿਸ ਤਹਿਤ 22 ਅਗਸਤ ਨੂੰ ਪੰਜਾਬ ਸਰਕਾਰ ਖਿਲਾਫ ਚੰਡੀਗੜ੍ਹ ਵਿਖੇ ਦਿੱਤੇ ਜਾਣ ਵਾਲੇ ਵਿਸ਼ਾਲ ਧਰਨੇ ਵਿੱਚ ਵੱਡੀ ਗਿਣਤੀ ਨਾਲ ਸ਼ਾਮਲ ਹੋਣ ਲਈ ਸੰਗਤ ਨੂੰ ਅਪੀਲ ਕੀਤੀ। ਪ੍ਰਧਾਨ ਸਤਨਾਮ ਸਿੰਘ ਨੇ ਦੱਸਿਆ ਕਿ ਹਰੀਕੇ ਪੱਤਣ ਤੇ ਆਸਪਾਸ ਦੇ ਪਿੰਡਾਂ 'ਚ ਮੀਟਿੰਗਾਂ ਕਰਕੇ 22 ਅਗਸਤ ਦੇ ਪ੍ਰੋਗਰਾਮ ਲਈ ਕਿਸਾਨਾਂ ਮਜ਼ਦੂਰਾਂ ਨੂੰ ਲਾਮਬੰਦ ਕੀਤਾ ਜਾਵੇਗਾ।

ਇਸ ਮੌਕੇ ਗੁਰਸੇਵਕ ਸਿੰਘ ਉੱਪਲ, ਸਾਹਿਬ ਸਿੰਘ ਸੰਧੂ, ਗੁਰਦੀਪ ਸਿੰਘ, ਅਵਤਾਰ ਸਿੰਘ, ਰਛਪਾਲ ਸਿੰਘ, ਗੁਰਜੰਟ ਸਿੰਘ, ਦਰਸ਼ਨ ਸਿੰਘ, ਮਨਜੀਤ ਸਿੰਘ, ਸੁਖਦੇਵ ਸਿੰਘ, ਠੇਕੇਦਾਰ ਜਸਪਾਲ ਸਿੰਘ, ਪਿਆਰਾ ਸਿੰਘ, ਕੁਲਵੰਤ ਸਿੰਘ, ਪ੍ਰਤਾਪ ਸਿੰਘ, ਮਿਲਖਾ ਸਿੰਘ, ਜੁਗਿੰਦਰ ਸਿੰਘ ਅਤੇ ਨਰਿੰਦਰ ਸਿੰਘ ਆਦਿ ਆਗੂ ਹਾਜ਼ਰ ਸਨ।

ਬੀ. ਐੱਡ. ਦੇ ਨਤੀਜਿਆਂ 'ਚ ਪੰਧੇਰ ਕਾਲਜ ਦੀਆਂ ਵਿਦਿਆਰਥਣਾਂ ਨੇ ਮਾਰੀਆਂ ਮੱਲਾਂ

ਫਤਿਹਗੜ੍ਹ ਚੂੜੀਆਂ (ਪ੍ਰੀਤਮ ਸਿੰਘ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ ਐਲਾਨੇ ਬੀ.ਐੱਡ. ਸਮੈਸਟਰ ਚੌਥਾ ਦੇ ਨਤੀਜਿਆਂ ਵਿੱਚ ਸ੍ਰੀ ਗੁਰੂ ਰਾਮਦਾਸ ਕਾਲਜ ਆਫ ਐਜੂਕੇਸ਼ਨ ਪੰਧੇਰ ਦੇ ਵਿਦਿਆਰਥੀਆਂ ਨੇ ਮੱਲਾਂ ਮਾਰੀਆਂ ਹਨ। ਕਾਲਜ ਦੇ ਵਿਦਿਆਰਥੀਆਂ ਦਾ ਨਤੀਜਾ ਸ਼ਾਨਦਾਰ ਰਿਹਾ ਅਤੇ ਸਾਰੇ ਵਿਦਿਆਰਥੀ ਬਹੁਤ ਵਧੀਆ ਅੰਕਾਂ ਨਾਲ ਪਾਸ ਹੋਏ ਹਨ। ਇਸ

6-Aug-Sunday.qxd 8/5/2023 9:00 PM Page 1

‘ਕਿੰਨਾ’ ਉੱਚਾ ਤਖਤ ਹੈ ‘ਅਦਲੀ’ ਰਾਜੇ ਦਾ....
ਆਖਰੀ ਸਫ਼ੇ ’ਤੇ

ਨਵਾਂ ਜ਼ਮਾਨਾ ਐਤਵਾਰਤਾ

Regd. No : Pb/JL-123/2021-2023, (R.N.I.)-00068/57

ਜਲੰਧਰ : ਐਤਵਾਰ, 6 ਅਗਸਤ 2023

www.nawanzamana.in

ਕੀਮਤ 5.00 ਰੁਪਏ

ਉਚੀ ਥਾਂ ’ਤੇ ਧਰੀਆਂ ਚੀਜ਼ਾਂ, ਟਿਕੀਆਂ ਜਾਪਦੀਆਂ ਨੇ ਅਕਸਰ ਪਰ ਰੁਤਬੇ, ਮਾਣ, ਸ਼ੁਅਰਤਾਂ ਝੰਡੇ ਹੀ ਨੇ, ਲਹਿ ਸਕਦੇ ਹਨ।

- ਗੁਰਤੇਜ ਕੋਹਾਰਵਾਲਾ

ਜਿਨਸੀ ਹਿੰਸਾ ਤੇ ਹਕੂਮਤ ਦੀ ਜਵਾਬਦੇਹੀ

ਪਿਛਲੇ ਕੁਝ ਮਹੀਨਿਆਂ ਤੋਂ ਮਨੀਪੁਰ ਸੜ ਰਿਹਾ ਹੈ ਤੇ ਹਾਕਮ ਚੁੱਪ ਹੈ। ਉਸ ਦੀ ਇਹ ਸਾਜਿਸ਼ੀ ਚੁੱਪ ਜਾਗਦੀ ਜ਼ਮੀਰ ਵਾਲੇ ਲੋਕਾਂ ਨੂੰ ਹਿੰਸਾ ਵਾਲੀਆਂ ਘਟਨਾਵਾਂ ਤੋਂ ਵੀ ਵੱਧ ਪੀੜ੍ਹਾ ਦੇ ਰਹੀ ਹੈ। ਉਹ ਕਹਿੰਦਾ ਹੈ ਕਿ ਮੈਂ ਅਜਿਹੀਆਂ ਘਟਨਾਵਾਂ ’ਤੇ ਸ਼ਰਮਸਾਰ ਹਾਂ। ਲੋਕ ਕਹਿੰਦੇ ਹਨ ਕਿ ਤੇਰੀ ਥਾਂ ਅਸੀਂ ਸ਼ਰਮਸਾਰ ਹੋ ਲੈਂਦੇ ਹਾਂ। ਅਸੀਂ ਤੈਨੂੰ ਜ਼ਿੰਮੇਵਾਰੀ ਸੌਂਪੀ ਸੀ, ਹੁਣ ਤੇਰੀ ਹੀ ਜਵਾਬਦੇਹੀ ਬਣਦੀ ਹੈ। ਬੂਟਾ ਸਿੰਘ ਦਾ ਇਹ ਲੇਖ ਇਸ ਮਸਲੇ ਵਿੱਚ ਹਾਕਮ ਦੀ ਜਵਾਬਦੇਹੀ ਤਹਿ ਕਰਨ ’ਤੇ ਹੀ ਬਲ ਦਿੰਦਾ ਹੈ।

-ਸੰਪਾਦਕ

ਸਮਕਾਲੀ ਸਰੋਕਾਰ

ਬੂਟਾ ਸਿੰਘ ਮਹਿਮੂਦਪੁਰ

3 ਮਈ ਤੋਂ ਮਨੀਪੁਰ ਭਰਾਮਾਰ ਜੰਗ ’ਚ ਸੜ ਰਿਹਾ ਹੈ। ਹਜੂਮ ਵੱਲੋਂ ਔਰਤਾਂ ਨੂੰ ਨਿਰਵਸਤਰ ਕਰਕੇ ਘੁੰਮਾਏ ਜਾਣ ਦੀ ਵੀਡੀਓ ਵਾਇਰਲ ਹੋਣ ’ਤੇ ਸੱਤਾਧਾਰੀ ਧਿਰ ਲਈ ਹੌਲਨਾਕ ਹਿੰਸਾ ਤੋਂ ਮੁੱਕਰਨਾ ਸੰਭਵ ਨਾ ਰਿਹਾ। ਸੁਪਰੀਮ ਕੋਰਟ ਨੂੰ ਵੀ ਸਖ਼ਤ ਰੁਖ਼ ਅਖ਼ਤਿਆਰ ਕਰਨਾ ਪਿਆ ਅਤੇ 79 ਦਿਨ ਬਾਅਦ ਮੋਦੀ ਨੂੰ ਵੀ ਮੂੰਹ ਖੋਲ੍ਹਣਾ ਪਿਆ, ਜੋ ਇੰਝ ਤਮਾਸ਼ਬੀਨ ਬਣਿਆ ਹੋਇਆ ਸੀ, ਜਿਵੇਂ ਕੁਝ ਹੋਇਆ ਹੀ ਨਾ ਹੋਵੇ। ‘ਬੇਟੀ ਬਚਾਓ-ਬੇਟੀ ਪੜ੍ਹਾਓ’ ਦੇ ਹੋਕਰੇ ਮਾਰਨ ਵਾਲੇ ਨੇ ਕਠੂਆ ਸਮੂਹਿਕ ਬਲਾਤਕਾਰ/ਕਤਲ ਕੇਸ, ਉਨਾਓਂ ਬਲਾਤਕਾਰ ਕੇਸ, ਹਾਥਰਸ ਬਲਾਤਕਾਰ ਕੇਸ, ਪਹਿਲਵਾਨ ਕੁੜੀਆਂ ਦੇ ਜਿਨਸੀ ਸ਼ੋਸ਼ਣ ਵਰਗੇ ਕਿਸੇ ਇਕ ਵੀ ਮਾਮਲੇ ’ਚ ਜ਼ੁਬਾਨ ਨਹੀਂ ਸੀ ਖੋਲ੍ਹੀ। ਹੁਣ ਵੀ ਉਸ ਦੇ ਬਿਆਨ ਵਿਚ ਇਕ ਵੀ ਸ਼ਬਦ ਅਜਿਹਾ ਨਹੀਂ ਹੈ, ਜਿਸ ਵਿਚ ਹਿੰਸਾ ’ਤੇ ਕਾਬੂ ਪਾਉਣ ’ਚ ਸਰਕਾਰ ਦੀ ਨਾਕਾਮੀ ਲਈ ਕੋਈ ਪਛਤਾਵਾ ਜਾਂ ਮਜ਼ਲੂਮ ਔਰਤਾਂ ਪ੍ਰਤੀ ਕੋਈ ਹਮਦਰਦੀ ਹੋਵੇ ਜਾਂ ਦੋਸ਼ੀਆਂ ਵਿਰੁੱਧ ਠੋਸ ਕਾਰਵਾਈ ਕਰਨ ਦਾ ਕੋਈ ਸੰਕੇਤ ਹੋਵੇ। ਉਸ ਨੂੰ ਦੁੱਖ ਸਿਰਫ਼ ਇਸ ਗੱਲ ਦਾ ਹੈ ਕਿ ਵੀਡੀਓ ਵਾਇਰਲ ਹੋਣ ਨਾਲ ਮੁਲਕ ਨੂੰ ਸ਼ਰਮਿੰਦਾ ਹੋਣਾ ਪਿਆ ਹੈ ਕਿਉਂਕਿ ਦੁਨੀਆ ਨੇ ਇਕ ਵਾਰ ਫਿਰ ‘ਸਭ ਤੋਂ ਵੱਡੇ ਲੋਕਤੰਤਰ’ ਦਾ ਅਸਲ ਚਿਹਰਾ ਦੇਖ ਲਿਆ ਹੈ। ਮੀਡੀਆ ਦੇ ਸੰਜੀਦਾ ਹਿੱਸਿਆਂ ਨੇ ਬਿਲਕੁਲ ਸਹੀ ਵਿਅੰਗ ਕੀਤਾ ਹੈ ਕਿ ਮੋਦੀ ਦਾ ਬਿਆਨ ਮਗਰਮੱਛ ਦੇ ਹੰਝੂ ਹਨ। ਆਦਿਵਾਸੀ ਪਿਛੋਕੜ ਵਾਲੀ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਅਜੇ ਵੀ ਇਸ ਦਿਲ ਦਹਿਲਾਅ ਦੇਣ ਵਾਲੀ ਹਿੰਸਾ ਦਾ ਨੋਟਿਸ ਲੈਣ ਦੀ ਜ਼ਰੂਰਤ ਮਹਿਸੂਸ ਨਹੀਂ ਹੋਈ, ਸ਼ਾਇਦ ਉਸ ਦੀ ਮੁਰਦਾ ਜ਼ਮੀਰ ਜਾਗਣ ਲਈ ਕਿਸੇ ਹੋਰ ਜ਼ਿਆਦਾ ਦਿਲ-ਕੰਬਾਊ ਖ਼ੁਲਾਸੇ ਦੀ ਉਡੀਕ ’ਚ ਹੈ।

ਔਰਤਾਂ ਵਿਰੁੱਧ ਜਿਨਸੀ ਹਿੰਸਾ ਜਾਂ ਸਮਾਜ ਦੇ ਕਿਸੇ ਵੀ ਨਿਤਾਣੇ ਹਿੱਸੇ ਵਿਰੁੱਧ ਸਰਕਾਰੀ ਜਾਂ ਗ਼ੈਰਸਰਕਾਰੀ ਹਿੰਸਾ ਦੀ ਕੋਈ ਵੀ ਘਟਨਾ ਤੁਰੰਤ ਗੰਭੀਰ ਨੋਟਿਸ ਲਏ ਜਾਣ ਦੀ ਮੰਗ ਕਰਦੀ ਹੈ। ਪਰ ਵਾਇਰਲ ਵੀਡੀਓ ਉੱਪਰ ਮੁਲਕ ਦੇ ਲੋਕਾਂ ਦਾ ਪ੍ਰਤੀਕਰਮ ਬੇਹੱਦ ਚਿੰਤਾਜਨਕ ਸਥਿਤੀ ਨੂੰ ਦਰਸਾਉਂਦਾ ਹੈ। ਨਿਰਭੈ ਕਾਂਡ ਸਮੇਂ ਵੀ ਇਸੇ ਤਰ੍ਹਾਂ ਦਾ ਪ੍ਰਤੀਕਰਮ ਦੇਖਿਆ ਗਿਆ ਸੀ। ਦਰਅਸਲ, ਰੋਜ਼ਮਰ੍ਹਾ ਹਿੰਸਾ ਨੂੰ ਸਾਡੀ ਜ਼ਿਹਨੀਅਤ ਗੌਲ਼ਦੀ ਹੀ ਨਹੀਂ। ਦਾਬੇ ਹੇਠ ਪਿਸ ਰਹੇ ਲੋਕਾਂ ਉੱਪਰ ਵੱਖ-ਵੱਖ ਰੂਪਾਂ ’ਚ ਰੋਜ਼ਮਰ੍ਹਾ ਹਿੰਸਾ ਨੂੰ ਆਮ ਬਣਾ ਕੇ ਜਾਬਰ ਰਾਜ ਪ੍ਰਬੰਧ ਨੇ ਮਨੁੱਖੀ ਮਨ ਨੂੰ ਇਸ ਕਦਰ ਸੰਵੇਦਨਾਹੀਣ ਬਣਾ ਦਿੱਤਾ ਹੈ ਕਿ ਜਦੋਂ ਤੱਕ ਕਰੂਰ ਹਿੰਸਾ ਦਾ ਕੋਈ ਬੇਹੱਦ ਹੌਲਨਾਕ ਕਾਂਡ ਸਾਹਮਣੇ ਨਹੀਂ ਆਉਂਦਾ, ਉਦੋਂ ਤੱਕ ਜ਼ਿਆਦਾਤਰ ਲੋਕ ਹਿੰਸਾ ਦੀਆਂ ਘਟਨਾਵਾਂ ਦਾ ਨੋਟਿਸ ਹੀ ਨਹੀਂ ਲੈਂਦੇ। ਘੱਟ ਤੀਬਰਤਾ ਵਾਲੀ ਹਿੰਸਾ ਨੂੰ ਸਮਾਜੀ ਤੌਰ ’ਤੇ ਸਵੀਕਾਰ ਕਰ ਲਿਆ ਗਿਆ ਹੈ। ਬਲਾਤਕਾਰਾਂ ਦੇ ਮਾਮਲੇ ’ਚ ਤਾਂ ਬਦਨਾਮੀ ਦੇ ਨਾਂਅ ਹੇਠ ਸਕੇ-ਸੰਬੰਧੀਆਂ ਅਤੇ ਭਾਈਚਾਰੇ ਵੱਲੋਂ ਹੀ ਮਾਮਲਾ ਦਬਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਦੇ ਹਾਲਾਤ ’ਚ ਹੁਕਮਰਾਨਾਂ ਲਈ ਆਪਣੇ ਮਨੁੱਖਤਾ ਵਿਰੋਧੀ ਜੁਰਮਾਂ ਨੂੰ ਲੁਕੋਣਾ ਸੌਖਾ ਹੋ ਜਾਂਦਾ ਹੈ ਅਤੇ ਉੱਚ ਅਦਾਲਤਾਂ ਵੀ ਅੱਖਾਂ ਮੀਟ ਕੇ ਬੈਠੀਆਂ ਰਹਿੰਦੀਆਂ ਹਨ।

ਮਨੀਪੁਰ ’ਚ ਭਰਾਮਾਰ ਜੰਗ ਅਤੇ ਇਸ ਦੌਰਾਨ ਔਰਤਾਂ ਵਿਰੁੱਧ ਜਿਨਸੀ ਹਿੰਸਾ ਬਹੁਤ ਵਿਆਪਕ ਪੈਮਾਨੇ ’ਤੇ ਹੋਈ ਹੈ। ਹਿੰਸਾ ਕਿਸੇ ਨਾ ਕਿਸੇ ਰੂਪ ’ਚ ਹੁਣ ਵੀ ਚੱਲ ਰਹੀ ਹੈ ਅਤੇ ਇਹ ਹੋਰ ਉੱਤਰ-ਪੂਰਬੀ ਰਾਜਾਂ ਵਿਚ ਵੀ ਫੈਲ ਸਕਦੀ ਹੈ, ਖ਼ਾਸ ਕਰਕੇ ਮਿਜ਼ੋਰਮ ਵਰਗੇ ਰਾਜ ਵਿਚ ਜਿੱਥੇ ਹੋਰ ਕਬਾਇਲੀ ਨਾਵਾਂ ਵਾਲੇ ਕੁੱਕੀ ਕਬੀਲੇ ਦੇ ਲੋਕ ਜ਼ਿਆਦਾ ਗਿਣਤੀ ’ਚ ਹਨ। ਕੁੱਕੀ ਭਾਈਚਾਰੇ ਉੱਪਰ ਜ਼ੁਲਮਾਂ ਦੇ ਪ੍ਰਤੀਕਰਮ ਦਾ ਗੁੱਸਾ ਹੋਰ ਥਾਈਂ ਵਸਦੇ ਮੈਤੇਈ ਲੋਕਾਂ ਉੱਪਰ ਨਿਕਲ ਸਕਦਾ ਹੈ, ਜਿਨ੍ਹਾਂ ਦਾ ਮਨੀਪੁਰ ਵਾਲੀ ਹਿੰਸਾ ਨਾਲ ਕੋਈ ਸੰਬੰਧ ਹੀ ਨਹੀਂ ਹੈ। ਮਨੀਪੁਰ ’ਚ ਸਾਹਮਣੇ ਆਈਆਂ ਦੋ ਵੀਡੀਓ ਤਾਂ ਉਸ ਹਿੰਸਾ ਦੀ ਇਕ ਨਿੱਕੀ ਜਹੀ ਝਲਕ ਮਾਤਰ ਹਨ। ਇਸ ਦੀ ਪੁਸ਼ਟੀ ਮੁੱਖ ਮੰਤਰੀ ਨੇ ਵੀ ਕੀਤੀ ਹੈ। ਮਨੀਪੁਰ ਦੇ ਬੇਹੱਦ ਚਿੰਤਾਜਨਕ ਹਾਲਾਤ ਬਾਰੇ ਸ਼ੁਰੂ ’ਚ ਹੀ 6 ਮਈ ਨੂੰ ਇਕ ਲੋਕਹਿਤ ਪਟੀਸ਼ਨ ਸੁਪਰੀਮ ਕੋਰਟ ਵਿਚ ਦਾਇਰ ਕੀਤੀ ਗਈ ਸੀ। ਪਰ ਲੱਖਾਂ ਲੋਕਾਂ ਦੇ ਮਨੁੱਖੀ ਹੱਕਾਂ ਦੀ ਸੁਰੱਖਿਆ ਦੀ ਮੰਗ ਕਰਨ ਵਾਲੀਆਂ ਪਟੀਸ਼ਨਾਂ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਮਨੀਪੁਰ ’ਚ ਭਰਾਮਾਰ ਲੜਾਈ ਰੋਕਣ ਲਈ ਸਰਕਾਰ ਨੂੰ ਕੋਈ ਠੋਸ ਆਦੇਸ਼ ਨਹੀਂ ਦਿੱਤਾ, ਸਗੋਂ ਪਟੀਸ਼ਨ ਕਰਤਾ ਵੱਲੋਂ ਪੇਸ਼ ਉੱਘੇ ਵਕੀਲ ਕੌਲਿਨ ਗੋਂਸਾਲਵਿਸ ਨੂੰ ਸਲਾਹ ਦਿੱਤੀ ਕਿ “ਤੁਹਾਡਾ ਸ਼ੱਕ ਸਾਨੂੰ ਕਾਨੂੰਨ ਅਤੇ ਵਿਵਸਥਾ ਨੂੰ ਆਪਣੇ ਹੱਥ ਵਿਚ ਲੈਣ ਲਈ ਪ੍ਰੇਰਿਤ ਨਹੀਂ ਕਰ ਸਕਦਾ। ਅਸੀਂ ਨਹੀਂ ਚਾਹੁੰਦੇ ਕਿ ਇਸ ਕਾਰਵਾਈ ਦੀ ਵਰਤੋਂ ਰਾਜ ਵਿਚ ਮੌਜੂਦ ਹਿੰਸਾ ਅਤੇ ਹੋਰ ਸਮੱਸਿਆਵਾਂ ਨੂੰ ਹੋਰ ਵਧਾਉਣ ਲਈ ਇਕ ਮੰਚ ਦੇ ਰੂਪ ’ਚ ਕੀਤੀ ਜਾਵੇ... ਜੇ ਤੁਹਾਡੇ ਕੋਲ ਕੋਈ ਸੁਝਾਅ ਹੈ ਤਾਂ ਅਸੀਂ ਲੈ ਸਕਦੇ ਹਾਂ। ਆਓ, ਇਸ ਨੂੰ ਪੱਖਪਾਤ ਦੇ ਮਾਮਲੇ ਦੇ ਰੂਪ ’ਚ ਨਾ ਦੇਖੀਏ, ਇਹ ਇਕ ਮਾਨਵੀ ਮੁੱਦਾ ਹੈ... ਸਾਨੂੰ ਸਰਵਉੱਚ ਅਦਾਲਤ ਦੇ ਆਦੇਸ਼ ਪ੍ਰਤੀ ਸੁਚੇਤ ਰਹਿਣਾ ਚਾਹੀਦਾ ਹੈ”। ਸੁਪਰੀਮ ਕੋਰਟ ਨੇ ਸਾਲਿਸਟਰ ਜਨਰਲ ਵੱਲੋਂ ਪੇਸ਼ ਕੀਤੀ ਸਰਕਾਰ ਦੀ ਇਸ ਝੂਠੀ ਯਕੀਨਦਹਾਨੀਂ ਨੂੰ ਸੱਚ ਮੰਨ ਲਿਆ ਗਿਆ ਕਿ “ਅਸੀਂ ਇਸ ਪੱਖ ’ਚ, ਜਨਤਾ ਦੇ ਲਈ ਹਾਂ... ਪਟੀਸ਼ਨਕਰਤਾ ਵੱਲੋਂ ਇਸ ਮਾਮਲੇ ਨੂੰ ਅਤਿ ਜ਼ਿਆਦਾ ਸੰਵੇਦਨਸ਼ੀਲਤਾ ਨਾਲ ਲਿਆ ਗਿਆ ਹੋ ਸਕਦਾ ਹੈ, ਕਿਉਂਕਿ ਕਿਸੇ ਵੀ ਗ਼ਲਤ ਜਾਣਕਾਰੀ ਨਾਲ ਰਾਜ ਵਿਚ ਹਾਲਤ ਵਿਗੜ ਸਕਦੀ ਹੈ। ਕੇਂਦਰ ਅਤੇ ਰਾਜ ਸਰਕਾਰ ਦੇ ਕਾਫ਼ੀ ਯਤਨਾਂ ਤੋਂ ਬਾਅਦ ਹਾਲਾਤ ਆਮ ਹੋ ਰਹੇ ਹਨ।”

ਪਰ ਦਸ ਜੁਲਾਈ ਨੂੰ ਸੁਪਰੀਮ ਕੋਰਟ ਸਾਹਮਣੇ ਪੇਸ਼ ਕੀਤੀ ਰਿਪੋਰਟ ਵਿਚ ਰਾਜ ਸਰਕਾਰ ਨੇ ਦੱਸਿਆ ਕਿ 4 ਜੁਲਾਈ ਤੱਕ 142 ਲੋਕ ਮਾਰੇ ਜਾ ਚੁੱਕੇ ਹਨ, ਜਦਕਿ 17 ਲਾਪਤਾ ਹਨ। ਘਰਾਂ ਅਤੇ ਕਾਰੋਬਾਰਾਂ ਨੂੰ ਸਾੜਨ ਦੇ 5053 ਕੇਸ ਵਾਪਰੇ ਹਨ, ਕੁਝ ਕੇਸਾਂ ’ਚ ਤਾਂ ਪੂਰੇ ਦੇ ਪੂਰੇ ਪਿੰਡ ਹੀ ਸਾੜ ਦਿੱਤੇ ਗਏ ਹਨ। 54488 ਲੋਕ 354 ਰਾਹਤ ਕੈਂਪਾਂ ਵਿਚ ਰਹਿ ਰਹੇ ਹਨ। ਇਹ ਉਸੇ ਸਰਕਾਰ ਦਾ ਇਕਬਾਲ ਹੈ, ਜੋ ਮਈ ਦੇ ਪਹਿਲੇ ਹਫ਼ਤੇ ਸੁਪਰੀਮ ਕੋਰਟ ’ਚ ਯਕੀਨ ਦਿਵਾ ਰਹੀ ਸੀ ਕਿ ਹਾਲਾਤ ਆਮ ਹੋ ਰਹੇ ਹਨ। ਜਦੋਂ ਐਨਾ ਹੌਲਨਾਕ ਜਾਨੀ-ਮਾਲੀ ਨੁਕਸਾਨ ਹੋ ਚੁੱਕਾ ਹੈ ਫਿਰ ਸੁਪਰੀਮ ਕੋਰਟ ‘ਆਪਣੇ ਆਪ’ ਨੋਟਿਸ ਲੈ ਕੇ ਕੁਝ ਸਖ਼ਤ ਰਵੱਈਆ ਦਿਖਾ ਕੇ ਸਰਕਾਰ ਨੂੰ ਕਹਿੰਦੀ ਹੈ : ‘ਅਸੀਂ ਡੂੰਘੀ ਚਿੰਤਾ ਜ਼ਾਹਿਰ ਕਰ ਰਹੇ ਹਾਂ। ਹੁਣ ਸਮਾਂ ਆ ਗਿਆ ਹੈ ਕਿ ਸਰਕਾਰ ਸੱਚੀਮੁੱਚੀਂ ਅੱਗੇ ਆਵੇ ਅਤੇ ਕਾਰਵਾਈ ਕਰੇ। ਇਹ ਬਿਲਕੁਲ ਸਵੀਕਾਰ ਨਹੀਂ ਕੀਤਾ ਜਾ ਸਕਦਾ। ਅਸੀਂ ਸਰਕਾਰ ਨੂੰ ਕਾਰਵਾਈ ਕਰਨ ਲਈ ਥੋੜ੍ਹਾ ਸਮਾਂ ਦਿਆਂਗੇ ਨਹੀਂ ਤਾਂ ਅਸੀਂ ਦਖ਼ਲਅੰਦਾਜ਼ੀ ਕਰਾਂਗੇ। ਕੌਣ ਜਾਣਦਾ ਹੈ ਕਿ ਇਹ ਅਲੱਗ-ਥਲੱਗ ਸੀ ਜਾਂ ਕੋਈ ਪੈਟਰਨ ਹੈ?”

ਸੁਪਰੀਮ ਕੋਰਟ ਦੀਆਂ ਇਹ ਕਥਿਤ ‘ਸਖ਼ਤ’ ਟਿੱਪਣੀਆਂ ਮਨੀਪੁਰ ਦੀਆਂ ਹੌਲਨਾਕ ਘਟਨਾਵਾਂ ਵਿਰੁੱਧ ਉੱਠ ਰਹੇ ਲੋਕ ਰੋਹ ਉੱਪਰ ਠੰਢਾ ਛਿੜਕਣ ਲਈ ਹਨ। ਸੁਪਰੀਮ ਕੋਰਟ ਦੇ ਜੱਜ ਸਾਹਿਬਾਨ ਇਹ ਭਲੀਭਾਂਤ ਜਾਣਦੇ ਹਨ ਕਿ ਆਰ.ਐੱਸ.ਐੱਸ.-ਭਾਜਪਾ ਦਾ ਏਜੰਡਾ ਕੀ ਹੈ, ਹਿੰਦੂਤਵ ਦੀ ਵਿਚਾਰਧਾਰਾ ਔਰਤਾਂ ਵਿਰੁੱਧ ਜਿਨਸੀ ਹਿੰਸਾ ਨੂੰ ਕਿਵੇਂ ਜਾਇਜ਼ ਠਹਿਰਾਉਂਦੀ ਹੈ ਅਤੇ ਭਗਵੀਂ ਹਕੂਮਤ ਘੱਟਗਿਣਤੀਆਂ ਸਮੇਤ ਸਮੂਹ ਦੱਬੇ-ਕੁਚਲੇ ਹਿੱਸਿਆਂ ਦੀ ਹੱਕ-ਜਤਾਈ ਨੂੰ ਦਬਾਉਣ ਲਈ ਔਰਤਾਂ ਦੇ ਜਿਸਮਾਂ ਨੂੰ ਕਿਵੇਂ ਜੰਗ ਦਾ ਮੈਦਾਨ ਬਣਾ ਕੇ ਵਰਤਦੀ ਹੈ? ਇਹ ਵੀ ਕਿ ਸੱਤਾਧਾਰੀ ਪਾਰਟੀ ਦੇ ਇਸ਼ਾਰੇ ’ਤੇ ਮਜ਼ਲੂਮ ਹਿੱਸਿਆਂ ਵਿਰੁੱਧ ਹਰ ਤਰ੍ਹਾਂ ਦੀ ਹਿੰਸਾ ਵਿਚ ਰਾਜ-ਮਸ਼ੀਨਰੀ ਦੀ ਕਿਸ ਕਦਰ ਮਿਲੀਭੁਗਤ ਹੁੰਦੀ ਹੈ ਅਤੇ ਅਦਾਲਤਾਂ ’ਚ ਸਰਕਾਰ ਦੀ ਨੁਮਾਇੰਦਗੀ ਕਰਨ ਵਾਲਿਆਂ ਦੀਆਂ ਯਕੀਨ-ਦਹਾਨੀਆਂ ਕਿੰਨੀਆਂ ਕੁ ਸੱਚੀਆਂ ਹੁੰਦੀਆਂ ਹਨ। ਕਸ਼ਮੀਰ, ਉੱਤਰ-ਪੂਰਬ ਦੀਆਂ ਕੌਮੀਅਤ ਲਹਿਰਾਂ, ਮਾਓਵਾਦੀ ਲਹਿਰ ਦੇ ਜ਼ੋਰ ਵਾਲੇ ਖੇਤਰਾਂ ਦੇ ਆਦਿਵਾਸੀਆਂ, ਸਿੱਖ ਅਤੇ ਮੁਸਲਮਾਨ ਘੱਟਗਿਣਤੀਆਂ ਦੇ ਕਤਲੇਆਮਾਂ ’ਚ ਔਰਤਾਂ ਵਿਰੁੱਧ ਜਿਨਸੀ ਹਿੰਸਾ ਦੀਆਂ ਕਿੰਨੀਆਂ ਦਿਲ-ਦਹਿਲਾਉਣ ਵਾਲੀਆਂ ਰਿਪੋਰਟਾਂ ਵਾਰ-ਵਾਰ ਸਾਹਮਣੇ ਆ ਚੁੱਕੀਆਂ ਹਨ, ਜਿਨ੍ਹਾਂ ਵਿਚ ਪੁਲਸ ਅਤੇ ਸਿਵਲ ਪ੍ਰਸ਼ਾਸਨ ਬੇਵੱਸ ਮਜ਼ਲੂਮਾਂ ਦੀ ਸੁਰੱਖਿਆ ਦੀ ਸੰਵਿਧਾਨਕ ਡਿਊਟੀ ਨਿਭਾਉਣ ਦੀ ਬਜਾਏ ਹਮਲਾਵਰ ਦਹਿਸ਼ਤਵਾਦੀ ਭੀੜਾਂ ਦਾ ਸਾਥ ਦਿੰਦਾ ਅਤੇ ਉਨ੍ਹਾਂ ਦੀ ਸੁਰੱਖਿਆ ਟੁਕੜੀ ਬਣ ਕੇ ਕੰਮ ਕਰਦਾ ਦੇਖਿਆ ਗਿਆ। ਇਸ ਦੇ ਬਾਵਜੂਦ ਜੇ ਸੁਪਰੀਮ ਕੋਰਟ ਸਰਕਾਰ ਦੀ ਝੂਠੀ ਯਕੀਨ-ਦਹਾਨੀ ਦੇ ਆਧਾਰ ’ਤੇ ਮਈ ਮਹੀਨੇ ’ਚ ਹਿੰਸਾ ਰੋਕਣ ਲਈ ਜਨਹਿਤ ਪਟੀਸ਼ਨ ਨੂੰ ਰੱਦ ਕਰਦੀ ਹੈ ਤਾਂ ਇਹ ਅਜਿਹੇ ਸੰਕਟ ਦੇ ਸਮਿਆਂ ’ਚ ਸਰਗਰਮ ਦਖ਼ਲਅੰਦਾਜ਼ੀ ਤੋਂ ਟਾਲਾ ਵੱਟਣ ਅਤੇ ਖ਼ਾਮੋਸ਼ ਦਰਸ਼ਕ ਬਣੇ ਰਹਿਣ ਤੋਂ ਸਿਵਾਏ ਹੋਰ ਕੁਝ ਨਹੀਂ ਹੈ। ਅਜੇ ਵੀ ਸੁਪਰੀਮ ਕੋਰਟ ਦਾ ਸਰਕਾਰ ਤੋਂ ਕਾਰਵਾਈ ਦੀ ਉਮੀਦ ਰੱਖਣਾ ਕੀ ਇਹ ਸਾਬਤ ਨਹੀਂ ਕਰਦਾ ਕਿ ਬੇਹੱਦ ਗੰਭੀਰ ਹਾਲਾਤ ਦੇ ਬਾਵਜੂਦ ਸਰਗਰਮ ਜੁਡੀਸ਼ੀਅਲ ਦਖ਼ਲਅੰਦਾਜ਼ੀ ਨੂੰ ਟਾਲਿਆ ਜਾ ਰਿਹਾ ਹੈ?

ਮਨੀਪੁਰ ਵਿਚ ਔਰਤਾਂ ਦੇ ਬਲਾਤਕਾਰਾਂ ਅਤੇ ਹੋਰ ਰੂਪਾਂ ’ਚ ਜਿਨਸੀ ਹਿੰਸਾ ਨੂੰ ਅੰਜਾਮ ਦੇਣ ਵਾਲਿਆਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਮੁਲਕ ਦੇ ਕੋਨੇ-ਕੋਨੇ ’ਚੋਂ ਉੱਠ ਰਹੀ ਇਹ ਮੰਗ ਬਿਲਕੁਲ ਜਾਇਜ਼ ਹੈ, ਪਰ ਇਹ ਮੰਗ ਕਾਫ਼ੀ ਨਹੀਂ ਹੈ। ਪਹਿਲੀ ਗੱਲ ਤਾਂ ਇਹ ਕਿ ਅਜਿਹੇ ਹੌਲਨਾਕ ਕਾਂਡਾਂ ਨੂੰ ਅੰਜਾਮ ਦੇਣ ਵਾਲੇ ਵਿਅਕਤੀ ਜਾਂ ਹਜੂਮਾਂ ਦੀ ਅਗਵਾਈ ਕਰਨ ਵਾਲੇ ਮੁਜਰਿਮ ਤਾਂ ਹਨ, ਪਰ ਉਹ ਕਿਸੇ ਰਸੂਖ਼ਵਾਨ ਤਾਕਤ ਦੇ ਗਿਣੇ-ਮਿੱਥੇ ਗੁਪਤ ਏਜੰਡੇ ਨੂੰ ਲਾਗੂ ਕਰਨ ਵਾਲੇ ਕਾਰਿੰਦੇ ਜਾਂ ਇੰਞ ਕਹਿ ਲਓ ਉਹ ਕਿਸੇ ਡੂੰਘੀ ਸਾਜ਼ਿਸ਼ ਦੇ ਮੋਹਰੇ ਹੁੰਦੇ ਹਨ। ਉਹ ਐਸੀ ਤਾਕਤ ਵੱਲੋਂ ਬਾਰੀਕੀ ’ਚ ਬਣਾਈ ਯੋਜਨਾ, ਭੜਕਾਏ ਮਾਹੌਲ, ਫੈਲਾਈਆਂ ਅਫ਼ਵਾਹਾਂ, ਭੀੜਾਂ ਨੂੰ ਸ਼ਿਸ਼ਕੇਰਨ ਅਤੇ ਜਥੇਬੰਦ ਕਰਕੇ ਲਿਆਉਣ ਅਤੇ ਮੁਕੰਮਲ ਪੁਸ਼ਤਪਨਾਹੀ ਦੇ ਸਿਲਸਿਲੇ ਤਹਿਤ ਅਜਿਹਾ ਕਰਦੇ ਹਨ। ਮਿਸਾਲ ਵਜੋਂ ਦਿੱਲੀ ਵਿਚ 1984 ਦੀ ਸਿੱਖ ਨਸਲਕੁਸ਼ੀ, 2002 ’ਚ ਗੁਜਰਾਤ ਵਿਚ ਮੁਸਲਮਾਨਾਂ ਦੀ ਨਸਲਕੁਸ਼ੀ, 2005 ’ਚ ਛੱਤੀਸਗੜ੍ਹ ਵਿਚ ਸਲਵਾ ਜੁਡਮ ਤੇ ਅਪਰੇਸ਼ਨ ਗ੍ਰੀਨ ਹੰਟ ਸਮੇਂ ਘਰਾਂ ਤੇ ਕਾਰੋਬਾਰਾਂ ਦੀ ਸਾੜਫੂਕ ਅਤੇ ਔਰਤਾਂ ਦੇ ਸਮੂਹਿਕ ਬਲਾਤਕਾਰਾਂ ਸਮੇਤ ਵਿਆਪਕ ਪੈਮਾਨੇ ’ਤੇ ਜਿਨਸੀ ਹਿੰਸਾ ਦੇ ਅਸਲ ਸੂਤਰਧਾਰ ਤੱਤਕਾਲੀ ਸਰਕਾਰਾਂ ਅਤੇ ਸੱਤਾਧਾਰੀ ਪਾਰਟੀਆਂ ਦੇ ਸਿਖ਼ਰਲੇ ਆਗੂ ਸਨ। ਦਿੱਲੀ ਕਤਲੇਆਮ ਵਾਲੇ ਕਾਂਗਰਸੀ ਆਗੂ ਸੱਜਣ ਕੁਮਾਰ ਤੇ ਐੱਚ.ਕੇ.ਐੱਲ. ਭਗਤ, ਗੁਜਰਾਤ ਕਤਲੇਆਮ ਵਾਲਾ ਬਾਬੂ ਬਜਰੰਗੀ ਤੇ ਮਾਇਆ ਕੋਡਨਾਨੀ, ਸ਼ਾਹੀਨ ਬਾਗ਼ ਮੋਰਚੇ ਅਤੇ ਯੂਨੀਵਰਸਿਟੀ ਵਿਦਿਆਰਥੀਆਂ ਉੱਪਰ ਹਮਲੇ ਕਰਨ ਵਾਲੇ ਹਿੰਸਕ ਗਰੋਹਾਂ ’ਚ ਸਰਗਰਮ ਭੂਮਿਕਾ ਨਿਭਾਉਣ ਵਾਲੇ ਆਗੂ ਕਾਂਗਰਸ ਅਤੇ ਆਰ.ਐੱਸ.ਐੱਸ-ਭਾਜਪਾ ਦੀਆਂ ਸਰਕਾਰਾਂ ਦੇ ਦਿਸ਼ਾ-ਨਿਰਦੇਸ਼ਾਂ ਨੂੰ ਅਮਲ ’ਚ ਲਿਆ ਰਹੇ ਸਨ।

ਦ

6-Aug-Sunday.qxd 8/5/2023 9:04 PM Page 5

ਰਾਜਨੀਤਕ ਲੋੜਾਂ ਜਾਂ ਅਪਰਾਧੀ ਟੋਲਿਆਂ ਦੇ ਭੜਕਾਏ ਦੰਗੇ ਫਿਰ ਕਾਬੂ ਨਹੀਂ ਰਹਿੰਦੇ ਹੁੰਦੇ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਇਹ ਗੱਲ ਬਹੁਤ ਸਾਰੇ ਵਿਦਵਾਨਾਂ ਤੇ ਸਮਾਜ ਵਿਗਿਆਨੀਆਂ ਨੇ ਕਈ ਵਾਰੀ ਕਹੀ ਹੋਈ ਹੈ ਕਿ ਦੰਗਾ ਆਮ ਤੌਰ ਉੱਤੇ ਹੁੰਦਾ ਨਹੀਂ, ਕਿਸੇ ਖਾਸ ਮਕਸਦ ਲਈ ਕਰਵਾਇਆ ਜਾਂਦਾ ਹੈ। ਦੰਗੇ ਕਰਵਾਉਣ ਦਾ ਮਕਸਦ ਕੋਈ ਸਿਆਸੀ ਲੋੜ ਵੀ ਹੋ ਸਕਦੀ ਹੈ, ਜਿਸ ਵਿੱਚ ਕੋਈ ਚੋਣ ਜੰਗ ਜਿੱਤਣਾ ਸ਼ਾਮਲ ਹੁੰਦਾ ਹੈ। ਇੱਕ ਧਰਮ ਉੱਪਰ ਦੂਸਰੇ ਧਰਮ ਦਾ ਦਬਦਬਾ ਬਣਾਉਣਾ ਵੀ ਹੋ ਸਕਦਾ ਹੈ, ਜਿਸ ਦੇ ਪਿੱਛੇ ਸਿਰਫ ਆਪਣਾ ਧਰਮ ਚੰਗੇਰਾ ਅਤੇ ਦੂਸਰੇ ਸਾਰੇ ਧਰਮ ਨਿਕੰਮੇ ਅਤੇ ਗਲਤ ਸੋਚਣ ਦੀ ਧਾਰਨਾ ਹੋ ਸਕਦੀ ਹੈ। ਇਨ੍ਹਾਂ ਤੋਂ ਸਿਵਾ ਲਗਭਗ ਹਰ ਦੰਗੇ ਪਿੱਛੇ ਕੁਝ ਨਾ ਕੁਝ ਮਾਇਆ ਦੇ ਲਾਲਚੀ ਲੋਕਾਂ ਦੀ ਅਪਰਾਧੀ ਮਾਨਸਿਕਤਾ ਵੀ ਕੰਮ ਕਰਦੀ ਹੁੰਦੀ ਹੈ, ਜਿਹੜੇ ਆਮ ਲੋਕਾਂ ਦੀਆਂ ਲਾਸ਼ਾਂ ਉੱਤੇ ਲੋਭ ਤੇ ਹਵਸ ਵਾਲੀਆਂ ਅੱਖਾਂ ਗੱਡੀ ਰੱਖਦੇ ਹਨ। ਦੰਗਿਆਂ ਵਿੱਚ ਕੁਝ ਲੋਕ ਮਾਰੇ ਜਾਣ ਜਾਂ ਕੁਝ ਲੋਕ ਡਰਦੇ ਉਹ ਜਗ੍ਹਾ ਛੱਡ ਕੇ ਕਿਸੇ ਹੋਰ ਪਾਸੇ ਚਲੇ ਜਾਣ ਤਾਂ ਇਨ੍ਹਾਂ ਲੋਕਾਂ ਨੂੰ ਕੌਡੀਆਂ ਦੇ ਭਾਅ ਜਾਇਦਾਦਾਂ ਹੜੱਪਣ ਤੇ ਮਹਿੰਗੇ ਭਾਅ ਵੇਚਣ ਦਾ ਮੌਕਾ ਮਿਲਦਾ ਹੈ। ਉਜਾੜੇ ਦੇ ਢੇਰਾਂ ਦਾ ਮਲਬਾ ਚੁੱਕਣ ਤੋਂ ਵੀ ਉਹ ਕਮਾਈ ਦੀ ਕੋਸ਼ਿਸ਼ ਕਰਦੇ ਹਨ ਤੇ ਕਈ ਵਾਰੀ ਇਸ ਵਿੱਚ ਸਫਲ ਹੋ ਜਾਂਦੇ ਹਨ ਅਤੇ ਫਿਰ ਓਥੋਂ ਉਜਾੜੇ ਗਏ ਲੋਕਾਂ ਦੇ ਮੁੜ-ਵਸੇਬੇ ਦੇ ਨਾਂਅ ਉੱਤੇ ਬਣਦੇ ਪ੍ਰਾਜੈਕਟਾਂ ਤੋਂ ਆਪਣੀਆਂ ਜੇਬਾਂ ਭਰਨ ਦੀਆਂ ਚਾਲਾਂ ਚੱਲਦੇ ਹਨ। ਦਿੱਲੀ ਵਿੱਚ ਅਸੀਂ ਇਹੋ ਇੰਦਰਾ ਗਾਂਧੀ ਦੇ ਕਤਲ ਮਗਰੋਂ ਹੋਏ ਖੂਨ-ਖਰਾਬੇ ਕਾਰਨ ਓਥੋਂ ਘਰ-ਬਾਰ ਛੱਡ ਕੇ ਨਿਕਲ ਗਏ ਪਰਵਾਰਾਂ ਦੀਆਂ ਜਾਇਦਾਦਾਂ ਦੇ ਮਾਮਲੇ ਵਿੱਚ ਹੁੰਦਾ ਸੁਣਿਆ ਸੀ, ਗੁਜਰਾਤ ਦੇ ਜਿਨ੍ਹਾਂ ਪਰਵਾਰਾਂ ਦੇ ਘਰਾਂ ਦੇ ਜੀਅ ਮਾਰੇ ਜਾਣ ਪਿੱਛੋਂ ਉਨ੍ਹਾਂ ਨੂੰ ਘਰ ਛੱਡਣ ਨੂੰ ਮਜਬੂਰ ਹੋਣਾ ਪਿਆ, ਉਨ੍ਹਾਂ ਬਾਰੇ ਵੀ ਏਦਾਂ ਦੀਆਂ ਕਹਾਣੀਆਂ ਸੁਣੀਆਂ ਤੇ ਪੜ੍ਹੀਆਂ ਸਨ। ਕੋਈ ਦੰਗਾ-ਫਸਾਦ ਇਹੋ ਜਿਹਾ ਹੁੰਦਾ ਅਸੀਂ ਨਹੀਂ ਵੇਖਿਆ, ਜਿਸ ਵਿੱਚ ਇਸ ਤਰ੍ਹਾਂ ਮਨੁੱਖੀ ਲਾਸ਼ਾਂ ਉੱਤੇ ਝਪਟਣ ਲਈ ਮਨੁੱਖੀ-ਰੂਪ ਵਿੱਚ ਫਿਰਦੀਆਂ ਗਿਰਝਾਂ ਤਿਆਰ ਨਾ ਰਹਿੰਦੀਆਂ ਹੋਣ।

ਬੀਤੇ ਦਿਨੀਂ ਦੰਗਿਆਂ ਦੇ ਦੋ ਕਾਂਡ ਅਸੀਂ ਫਿਰ ਵੇਖੇ ਹਨ। ਇੱਕ ਦੰਗਾ ਭਾਰਤ ਦੇ ਉੱਤਰ-ਪੂਰਬੀ ਰਾਜ ਮਨੀਪੁਰ ਵਿੱਚ ਵਾਪਰਿਆ ਹੈ, ਜਿੱਥੇ ਭਾਰੂ ਗਿਣਤੀ ਵਾਲਿਆਂ ਨੇ ਘੱਟ-ਗਿਣਤੀ ਵਾਲੇ ਕਬੀਲੇ ਦੇ ਲੋਕਾਂ ਦੇ ਆਹੂ ਲਾਹੇ ਅਤੇ ਉਨ੍ਹਾਂ ਦੀਆਂ ਧੀਆਂ-ਭੈਣਾਂ ਨਾਲ ਜੱਗੋਂ-ਤੇਰ੍ਹਵਾਂ ਅਨਰਥ ਕੀਤਾ ਸੀ। ਉਸ ਰਾਜ ਦਾ ਮੁੱਖ ਮੰਤਰੀ ਬੇਸ਼ਰਮੀ ਨਾਲ ਉਸ ਦੰਗੇ ਮੌਕੇ ਬਣੀਆਂ ਅਤੇ ਵਾਇਰਲ ਹੋਈਆਂ ਵਹਿਸ਼ੀਪੁਣੇ ਦੀਆਂ ਵੀਡੀਓ ਬਾਰੇ ਇਹ ਕਹਿੰਦਾ ਨਹੀਂ ਝਿਜਕਿਆ ਕਿ ਸਾਡੇ ਰਾਜ ਵਿੱਚ ਏਦਾਂ ਦੀਆਂ ਸੈਂਕੜੇ ਵੀਡੀਓ ਬਣੀਆਂ ਹੋਈਆਂ ਹਨ, ਤੁਸੀਂ ਦੋ-ਚਾਰ ਦੀ ਗੱਲ ਕਰਦੇ ਹੋ। ਜਦੋਂ ਇਸ ਦੰਗੇ ਬਾਰੇ ਦੁਨੀਆ ਭਰ ਵਿੱਚ ਰੌਲਾ ਪੈਂਦਾ ਸੁਣਦਾ ਸੀ, ਓਦੋਂ ਮਨੀਪੁਰ ਦਾ ਇੱਕ ਥਾਣਾ ਲੁੱਟਣ ਦਾ ਜਿਹੜਾ ਕੇਸ ਦਰਜ ਹੋਇਆ, ਉਸ ਵਿੱਚ ਲੁੱਟੇ ਗਏ ਹਥਿਆਰਾਂ ਦਾ ਵੇਰਵਾ ਏਨਾ ਵੱਡਾ ਸੀ ਕਿ ਇੱਕ ਫੌਜੀ ਕੰਪਨੀ ਜੋਗੇ ਹਥਿਆਰ ਦੰਗਿਆਂ ਦੇ ਦੋਸ਼ੀ ਲੁੱਟ ਲੈ ਗਏ ਜਾਪਦੇ ਹਨ। ਨਾਲ ਇਹ ਖਬਰਾਂ ਵੀ ਸਨ ਕਿ ਕਤਲ ਜਾਂ ਜ਼ਲੀਲ ਕੀਤੇ ਕਈ ਪਰਵਾਰਾਂ ਦੇ ਜਿਹੜੇ ਲੋਕ ਓਥੋਂ ਨਿਕਲ ਗਏ ਸਨ, ਉਨ੍ਹਾਂ ਘਰਾਂ ਉੱਤੇ ਦੰਗੇ ਦੌਰਾਨ ਕੁਝ ਲੋਕਾਂ ਨੇ ਕਬਜ਼ੇ ਜਾ ਕੀਤੇ ਸਨ। ਇਹ ਸਭ ਕੁਝ ਓਦੋਂ ਹੋਇਆ, ਜਦੋਂ ਦੇਸ਼ ਦੀ ਸੁਪਰੀਮ ਕੋਰਟ ਖੁਦ ਇਸ ਘਟਨਾਕਰਮ ਦੀ ਸੁਣਵਾਈ ਦੌਰਾਨ ਸਖਤ ਟਿੱਪਣੀਆਂ ਕਰਦੀ ਪਈ ਸੀ।

ਦੂਸਰਾ ਕੇਸ ਪੰਜਾਬ ਦੇ ਗਵਾਂਢ ਹਰਿਆਣੇ ਦਾ ਹੈ, ਜਿੱਥੇ ਕੋਈ ਨੂਹ ਵਿੱਚ ਦੰਗਾ ਹੋਇਆ ਕਹਿੰਦਾ ਰਿਹਾ ਤੇ ਕੋਈ ਹੋਰ ਮੇਵਾਤ ਵਿੱਚ ਦੰਗਾ ਕਹਿੰਦਾ ਸੀ। ਮੇਵਾਤ ਸਾਡੇ ਮਾਲਵੇ ਵਾਂਗ ਇੱਕ ਖੇਤਰ ਹੈ, ਜਿਹੜਾ ਰਾਜਸਥਾਨ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਵਿਚਾਲੇ ਫੈਲਿਆ ਹੋਇਆ ਹੈ, ਪਰ ਵਿਚਕਾਰਲਾ ਹਿੱਸਾ ਹਰਿਆਣੇ ਵਿੱਚ ਹੋਣ ਕਾਰਨ ਹਰਿਆਣਾ ਸਰਕਾਰ ਨੇ ਸਾਲ 2005 ਵਿੱਚ ਓਥੇ ਮੇਵਾਤ ਨਾਂਅ ਦਾ ਜ਼ਿਲ੍ਹਾ ਬਣਾ ਦਿੱਤਾ ਸੀ। ਭਾਜਪਾ ਦੀ ਸਰਕਾਰ ਬਣ ਜਾਣ ਦੇ ਬਾਅਦ ਸਾਲ 2016 ਵਿੱਚ ਉਸੇ ਦਾ ਨਾਂਅ ਬਦਲ ਕੇ ਮੇਵਾਤ ਖੇਤਰ ਦੇ ਇੱਕ ਕਸਬੇ ਨੂਹ ਦੇ ਨਾਂਅ ਉੱਤੇ ਜ਼ਿਲ੍ਹਾ ਬਣਾ ਦਿੱਤਾ ਗਿਆ ਸੀ, ਪਰ ਵਿਕਾਸ ਕੋਈ ਨਹੀਂ ਹੋਇਆ। ਸਾਲ 2018 ਵਾਸਤੇ ਭਾਰਤ ਦੇ ਨੀਤੀ ਆਯੋਗ ਨੇ ਜਿਹੜੀ ਰਿਪੋਰਟ ਪੇਸ਼ ਕੀਤੀ, ਉਸ ਮੁਤਾਬਕ ਭਾਰਤ ਦੇ ਕੁੱਲ 739 ਜ਼ਿਲ੍ਹਿਆਂ ਵਿੱਚੋਂ ਸਭ ਤੋਂ ਪਛੜਿਆ ਹੋਇਆ ਜ਼ਿਲ੍ਹਾ ਨੂਹ ਦਾ ਸੀ, ਜਿੱਥੇ ਪਿਛਲੇ ਹਫਤੇ ਦੰਗਾ-ਫਸਾਦ ਹੋਇਆ ਤੇ ਕਈ ਲੋਕ ਮਾਰੇ ਜਾਣ ਦੇ ਇਲਾਵਾ ਬਹੁਤ ਸਾਰੀਆਂ ਗੱਡੀਆਂ ਅਤੇ ਘਰਾਂ ਦੀ ਸਾੜ-ਫੂਕ ਹੁੰਦੀ ਰਹੀ ਸੀ। ਇਸ ਦੌਰਾਨ ਇਹ ਖਬਰ ਆਈ ਕਿ ਦੰਗਾ ਕਰਨ ਵਾਲੀ ਭੀੜ ਨੇ ਇਸ ਮੌਕੇ ਇੱਕ ਥਾਣਾ ਸਾੜ ਦਿੱਤਾ ਸੀ, ਪਰ ਇਹ ਗੱਲ ਨਹੀਂ ਦੱਸੀ ਗਈ ਕਿ ਉਹ ਥਾਣਾ ਸਧਾਰਨ ਨਹੀਂ, ਅਜੋਕੇ ਦੌਰ ਵਿੱਚ ਲੋਕਾਂ ਨਾਲ ਠੱਗੀਆਂ ਮਾਰਨ ਵਾਲੇ ਜੁਰਮਾਂ ਨਾਲ ਨਜਿੱਠਣ ਵਾਲਾ ਸਾਈਬਰ ਕਰਾਈਮ ਵਿਰੋਧੀ ਵਿਸ਼ੇਸ਼ ਥਾਣਾ ਸੀ। ਭੀੜ ਨੇ ਓਦੋਂ ਉਹ ਥਾਣਾ ਕਿਉਂ ਸਾੜਿਆ, ਇਸ ਦੇ ਪਿੱਛੇ ਛੁਪੀ ਅਪਰਾਧਕ ਗੰਭੀਰਤਾ ਵੀ ਬਹੁਤੇ ਲੋਕਾਂ ਨੂੰ ਸਮਝ ਹੀ ਨਹੀਂ ਸੀ ਪੈ ਸਕੀ।

ਅਸੀਂ ਲੋਕ ਜਾਣਦੇ ਹਾਂ ਕਿ ਪਿਛਲੇ ਕਈ ਸਾਲਾਂ ਤੋਂ ਭਾਰਤ ਵਿੱਚ ਵੀ ਅਤੇ ਭਾਰਤ ਤੋਂ ਬਾਹਰ ਵੀ ਜੇ ਕਿਸੇ ਨੂੰ ਫੋਨ ਕਰ ਕੇ ਕੋਈ ਠੱਗੀ ਕੀਤੀ ਜਾਂਦੀ ਸੀ, ਆਮ ਕਰ ਕੇ ਉਸ ਤੋਂ ਵੇਰਵੇ ਪੁੱਛ ਕੇ ਉਸ ਦਾ ਬੈਂਕ ਖਾਤਾ ਖਾਲੀ ਕਰਨ ਦੀ ਠੱਗੀ ਹੁੰਦੀ ਸੀ ਤਾਂ ਅਪਰਾਧੀਆਂ ਦੀ ਪੈੜ ਬਹੁਤੀ ਵਾਰੀ ਝਾਰਖੰਡ ਰਾਜ ਦੇ ਜਾਮਤਾਰਾ ਕਸਬੇ ਤੱਕ ਪਹੁੰਚਦੀ ਸੀ। ਜਾਮਤਾਰਾ ਦੀ ਬਦਨਾਮੀ ਏਨੀ ਹੋਈ ਕਿ ਓਥੋਂ ਵਾਲੇ ਆਮ ਲੋਕ ਵੀ ਉਹ ਸ਼ਹਿਰ ਛੱਡਣ ਲੱਗ ਪਏ ਅਤੇ ਏਦਾਂ ਦੇ ਜੁਰਮ ਕਰਦੇ ਦੋਸ਼ੀਆਂ ਨੇ ਵੀ ਉਹ ਕਸਬਾ ਛੱਡ ਕੇ ਭਾਰਤ ਵਿੱਚ ਹੋਰ ਥਾਂਈਂ ਅੱਡੇ ਜਾ ਬਣਾਏ ਸਨ। ਥੋੜ੍ਹੇ ਚਿਰ ਪਿੱਛੋਂ ਪਤਾ ਲੱਗਾ ਕਿ ਉੱਤਰੀ ਭਾਰਤ ਵਿੱਚ ਜਦੋਂ ਵੀ ਕਿਸੇ ਨਾਲ ਠੱਗੀ ਹੁੰਦੀ ਹੈ ਅਤੇ ਜੇ ਪੁਲਸ ਪਿੱਛਾ ਕਰਨ ਲੱਗਦੀ ਹੈ ਤਾਂ ਪੈੜ ਹਰਿਆਣੇ ਦੇ ਮੇਵਾਤ ਇਲਾਕੇ ਵਿੱਚ ਪਹੁੰਚਦੀ ਹੈ, ਏਸੇ ਮੇਵਾਤ ਇਲਾਕੇ ਵਿੱਚ, ਜਿੱਥੇ ਪਿਛਲੇ ਦਿਨੀਂ ਦੰਗੇ-ਫਸਾਦ ਦੌਰਾਨ ਸਾਈਬਰ ਕਰਾਈਮ ਥਾਣਾ ਸਾੜਿਆ ਗਿਆ ਸੀ। ਉਸ ਇਲਾਕੇ ਵਿੱਚ ਪੁਲਸ ਦੇ ਹੋਰ ਥਾਣੇ ਤੇ ਦਫਤਰ ਵੀ ਸਨ, ਪਰ ਦੰਗਿਆਂ ਦੌਰਾਨ ਹਮਲਾ ਸਿਰਫ ਸਾਈਬਰ ਕਰਾਈਮ ਥਾਣੇ ਉੱਤੇ ਕੀਤਾ ਜਾਣਾ ਦੱਸਦਾ ਹੈ ਕਿ ਇਸ ਪਿੱਛੇ ਸਾਈਬਰ ਅਪਰਾਧੀਆਂ ਦੇ ਕਿਸੇ ਗੌਂਗ ਦਾ ਹੱਥ ਵੀ ਹੋ ਸਕਦਾ ਹੈ, ਤਾਂ ਕਿ ਅੱਜ ਤੱਕ ਨੰਗੇ ਹੋਏ ਸਾਈਬਰ ਜੁਰਮਾਂ ਦਾ ਰਿਕਾਰਡ ਨਸ਼ਟ ਕਰਨ ਲਈ ਦੰਗਿਆਂ ਦੇ ਮੌਕੇ ਨੂੰ ਵਰਤਿਆ ਜਾ ਸਕੇ। ਹੈਰਾਨੀ ਦੀ ਗੱਲ ਸਿਰਫ ਇਹ ਨਹੀਂ ਕਿ ਇਸ ਦੇ ਪਿੱਛੇ ਸਾਈਬਰ ਅਪਰਾਧੀਆਂ ਦਾ ਹੱਥ ਹੋ ਸਕਦਾ ਹੈ, ਸਗੋਂ ਇਹ ਵੀ ਹੈ ਕਿ ਇਹ ਗੱਲ ਸਰਕਾਰੀ ਤੌਰ ਉੱਤੇ ਖੁੱਲ੍ਹ ਕੇ ਪੇਸ਼ ਨਹੀਂ ਕੀਤੀ ਗਈ ਅਤੇ ਇਹ ਗੱਲ ਇਸ ਤਰ੍ਹਾਂ ਆਮ ਲੋਕਾਂ ਤੋਂ ਲੁਕੀ ਰਹੀ, ਜਿੱਦਾਂ ਕੋਈ ਬਹੁਤ ਵੱਡਾ ਸਰਕਾਰੀ ਭੇਦ ਖੁੱਲ੍ਹ ਜਾਣ ਦਾ ਡਰ ਹੋਵੇ। ਆਖਰ ਕੋਈ ਤਾਂ ਹੈ, ਜਿਹੜਾ ਸਾਈਬਰ ਅਪਰਾਧੀਆਂ ਅਤੇ ਫਿਰਕੂ ਦੰਗਾ ਕਰਨ ਵਾਲਿਆਂ ਦੇ ਗੱਠਜੋੜ ਨੂੰ ਲੁਕਾਉਣਾ ਚਾਹੁੰਦਾ ਹੈ।

ਤੀਸਰਾ ਪੱਖ ਫਿਰ ਆ ਜਾਂਦਾ ਹੈ ਹਰਿਆਣੇ ਦੇ ਇਸ ਘਟਨਾਕ੍ਰਮ ਦੀ ਜੜ੍ਹ ਮੰਨੀ ਜਾਂਦੀ ਫਿਰਕਾਪ੍ਰਸਤੀ ਤੇ ਉਸ ਨਾਲ ਜੁੜੀ ਹੋਈ ਰਾਜਨੀਤੀ ਦਾ। ਕਦੀ ਮੇਵਾਤ ਇਲਾਕੇ ਵਿੱਚ ਮਿਉ ਮੁਸਲਮਾਨਾਂ ਦੀ ਵੱਡੀ ਗਿਣਤੀ ਹੋਇਆ ਕਰਦੀ ਸੀ। ਜਦੋਂ ਪਾਕਿਸਤਾਨ ਬਣਿਆ ਤਾਂ ਬਹੁਤ ਸਾਰੇ ਮਿਉ ਮੁਸਲਮਾਨ ਓਥੇ ਚਲੇ ਗਏ ਸਨ। ਜਿਨ੍ਹਾਂ ਲੋਕਾਂ ਨੇ ਇਸਲਾਮੀ ਦੇਸ਼ ਵੱਲ ਜਾਣ ਦੀ ਥਾਂ ਧਰਮ ਨਿਰਪੱਖ ਭਾਰਤ ਵਿੱਚ ਰਹਿਣਾ ਚਾਹਿਆ, ਉਨ੍ਹਾਂ ਦਾ ਏਥੇ ਰਹਿਣਾ ਉਸ ਖੇਤਰ ਦੀ ਹਿੰਦੂ ਬਹੁ-ਗਿਣਤੀ ਦੀ ਰਾਜਨੀਤੀ ਕਰਦੇ ਲੋਕਾਂ ਨੂੰ ਪਸੰਦ ਨਹੀਂ ਸੀ, ਇਸ ਲਈ ਉਨ੍ਹਾਂ ਉੱਤੇ ਏਦਾਂ ਹਮਲੇ ਕੀਤੇ ਜਾਣ ਲੱਗੇ ਕਿ ਉਹ ਆਪਣੇ ਲਈ ਹੋਰ ਇਲਾਕਿਆਂ ਵਾਲੇ ਆਪਣੇ ਦੀਨੀ ਭਾਈਆਂ ਦਾ ਆਸਰਾ ਭਾਲਣ ਲੱਗ ਪਏ। ਉਸ ਦੌਰ ਵਿੱਚ ਉਸ ਖੇਤਰ ਦੀਆਂ ਹਿੰਦੂ ਰਿਆਸਤਾਂ ਦੇ ਰਾਜਿਆਂ ਵੱਲੋਂ ਵੀ ਮੁਸਲਮਾਨਾਂ ਉੱਤੇ ਹਮਲੇ ਕਰਨ ਵਾਲਿਆਂ ਨਾਲ ਹੱਥ ਮਿਲਾ ਲੈਣ ਨੇ ਇਸ ਖੇਤਰ ਵਿੱਚ ਓਦੋਂ ਤੋਂ ਏਦਾਂ ਦਾ ਜ਼ਹਿਰ ਬੀਜਿਆ ਪਿਆ ਹੈ ਕਿ ਅੱਜ ਤੱਕ ਕਿਸੇ ਵੇਲੇ ਵੀ ਤੇ ਕਿਸੇ ਥਾਂ ਵੀ ਮਾੜੀ ਜਿਹੀ ਚਿੰਗਾੜੀ ਵੱਡੇ ਭਾਂਬੜ ਦਾ ਕਾਰਨ ਬਣ ਸਕਦੀ ਹੈ। ਇਸ ਵਾਰੀ ਦੰਗਿਆਂ ਦੇ ਪਿੱਛੇ ਉਸ ਵੇਲੇ ਤੋਂ ਪੈਦਾ ਕੀਤੇ ਜਾਂਦੇ ਰਹੇ ਹਾਲਾਤ ਵੀ ਕਾਰਨ ਬਣੇ ਸਮਝੇ ਜਾਂਦੇ ਹਨ, ਪਰ ਇਹ ਗੱਲ ਰਾਜਨੀਤੀ ਦੇ ਅਜੋਕੇ ਧਨੰਤਰ ਨਹੀਂ ਮੰਨਦੇ।

ਰਾਜਨੀਤੀ ਦੇ ਧਨੰਤਰ ਮੰਨਦੇ ਨਹੀਂ ਤੇ ਕਦੀ ਉਹ ਮੰਨਣਗੇ ਵੀ ਨਹੀਂ। ਪੁਰਾਣੇ ਸਮੇਂ ਵਿੱਚ ਜਦੋਂ ਰਾਜ-ਗੱਦੀ ਲਈ ਰਾਜੇ ਅਤੇ ਰਾਜ-ਪਰਵਾਰ ਆਪੋ ਵਿੱਚ ਲੜਿਆ ਕਰਦੇ ਸਨ, ਉਹ ਵੀ ਬਹੁਤੀ ਵਾਰੀ ਆਪਣੀ ਲੜਾਈ ਨੂੰ ਦੇਸ਼ ਤੇ ਧਰਮ ਦੀ ਪੁੱਠ ਚਾੜ੍ਹ ਕੇ ਉਸ ਲਈ ਕੁਰਬਾਨੀਆਂ ਦੇਣ ਵਾਸਤੇ ਆਮ ਲੋਕਾਂ ਨੂੰ ਅੱਗੇ ਕਰਦੇ ਹੁੰਦੇ ਸਨ। ਸੰਸਾਰ ਵਿੱਚ ਜਿੰਨਾ ਖੂਨ ਧਰਮ ਦਾ ਨਾਂਅ ਵਰਤ ਕੇ ਹੁੰਦੀਆਂ ਜੰਗਾਂ ਵਿੱਚ ਵਗਾਇਆ ਗਿਆ ਹੈ, ਇਤਿਹਾਸ ਉਸ ਦਾ ਗਵਾਹ ਤਾਂ ਹੈ, ਪਰ ਨਾਲ ਇਹ ਚੇਤਾ ਵੀ ਕਰਾਉਂਦਾ ਹੈ ਕਿ ਗੱਦੀ ਲਈ ਧਰਮ ਦੇ ਨਾਂਅ ਉੱਤੇ ਜੰਗ ਕਰਵਾਉਣ ਦਾ ਕੋਈ ਮਿਥਿਆ ਹੋਇਆ ਸਮਾਂ ਕਦੇ ਨਹੀਂ ਹੁੰਦਾ, ਇਹ ਖੂਨੀ ਖੇਡ ਕਿਸੇ ਵੀ ਸਦੀ ਵਿੱਚ ਕਿਸੇ ਥਾਂ ਦੁਹਰਾਈ ਜਾ ਸਕਦੀ ਹੈ। ਭਾਰਤ ਵੀ ਇਸ ਵੇਲੇ ਫਿਰ ਏਦਾਂ ਦੀਆਂ ਖੇਡਾਂ ਦਾ ਅਖਾੜਾ ਬਣਦਾ ਨਜ਼ਰ ਆਉਂਦਾ ਹੈ। ਮਨੀਪੁਰ ਵਿੱਚ ਲੜਾਈ ਕਬੀਲਿਆਂ ਦੇ ਟਕਰਾਅ ਹੋਣ ਦੀ ਬਣਾਈ ਗਈ ਹੈ, ਹਰਿਆਣੇ ਵਿੱਚ ਦੋ ਧਾਰਮਿਕ ਭਾਈਚਾਰਿਆਂ ਦੇ ਟਕਰਾਅ ਦੀ, ਪਰ ਅਗਲੇ ਦਿਨਾਂ ਵਿੱਚ ਜੇ ਦੋ ਰਾਜਾਂ ਦੇ ਲੋਕਾਂ ਦੀ ਖੇਤਰਵਾਦੀ ਲੜਾਈ ਕਿਸੇ ਥਾਂ ਏਦਾਂ ਦਾ ਚੰਦ ਚਾੜ੍ਹ ਦੇਵੇ ਤਾਂ ਕੋਈ ਵੱਡੀ ਗੱਲ ਨਹੀਂ ਹੋਵੇਗੀ। ਜਦੋਂ ਗੱਦੀ ਦੀ ਲੋੜ ਹੈ ਤੇ ਗੱਦੀ ਦੀ ਦੌੜ ਵਾਲੀ ਖੇਡ ਵਿੱਚ ਕੋਈ ਨਿਯਮ-ਅਸੂਲ ਵੀ ਪੱਕਾ ਨਹੀਂ ਤਾਂ ਜਿਸ ਆਗੂ ਦੀ ਜਿੰਨੀ ਲੋੜ ਹੈ, ਉਹ ਉਸ ਮੁਤਾਬਕ ਚਾਲਾਂ ਚੱਲਣ ਲਈ ਯਤਨ ਕਰ ਸਕਦਾ ਹੈ। ਏਦਾਂ ਦੀਆਂ ਚਾਲਾਂ ਚੱਲਣ ਵਾਲੇ ਜਿਹੜੀ ਗੱਲ ਜਾਣਦੇ ਨਹੀਂ ਜਾਂ ਜਾਣ ਕੇ ਅਣਗੌਲੀ ਕਰਦੇ ਹਨ, ਉਹ ਇਹ ਹੈ ਕਿ ਕੋਈ ਵੀ ਜੰਗ ਦੇਸ਼ਾਂ ਦੀ ਹੋਵੇ ਜਾਂ ਧਰਮਾਂ ਦੀ, ਕਬੀਲਿਆਂ ਦੀ ਹੋਵੇ ਜਾਂ ਖੇਤਰਾਂ ਦੀ, ਜਦੋਂ ਇੱਕ ਵਾਰੀ ਛਿੜ ਪਵੇ, ਫਿਰ ਜੰਗਲ ਦੀ ਅੱਗ ਵਾਂਗ ਕੰਟਰੋਲ ਵਿੱਚ ਰੱਖਣੀ ਸੰਭਵ ਨਹੀਂ ਰਹਿੰਦੀ, ਇਹ ਹੋਰ ਅੱਗੇ ਵਧ ਕੇ ਚੁਆਤੀ ਲਾਉਣ ਵਾਲਿਆਂ ਦੇ ਆਪਣੇ ਕੁੱਲੇ ਫੂਕਣ ਤੱਕ ਜਾ ਸਕਦੀ ਹੈ। ਇਤਿਹਾਸ ਵਿੱਚ ਏਦਾਂ ਦੀਆਂ ਕਈ ਮਿਸਾਲਾਂ ਹਨ ਕਿ ਜਿਨ੍ਹਾਂ ਨੇ ਇਹ ਚੁਆਤੀ ਲਾ ਕੇ ਤਾੜੀਆਂ ਮਾਰਨ ਦਾ ਯਤਨ ਕੀਤਾ ਸੀ, ਆਪਣੇ ਘਰ ਤੇ ਘਰਾਂ ਦੇ ਜੀਅ ਨਹੀਂ ਸਨ ਬਚਾ ਸਕੇ। ਇਹ ਸਭ ਕੁਝ ਪਿੱਛੇ ਵੀ ਹੁੰਦਾ ਰਿਹਾ ਹੈ ਅਤੇ ਅੱਗੋਂ ਵੀ ਕਦੀ ਹੋ ਸਕਦਾ ਹੈ।

ਮਨੀਪੁਰ ਤੋਂ ਬਾਅਦ ਡਬਲ ਇੰਜਣ ਨੇ ਹਰਿਆਣੇ 'ਚ ਧੂੰਆਂ ਮਾਰਿਆ

ਸੁਲਝਦੇ ਸਵਾਲ

ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਡਬਲ ਇੰਜਣ ਦੀਆਂ ਸਰਕਾਰਾਂ ਬਣਾਉਣੀਆਂ ਅਤੇ ਇਸ ਦਾ ਨਾਮਕਰਨ ਭਾਜਪਾ ਵੱਲੋਂ ਆਪ ਇਕੱਲਿਆਂ ਸਰਕਾਰ ਨਾ ਬਣਾ ਸਕਣ ਦੀ ਮਜਬੂਰੀ ਵਿੱਚੋਂ ਨਿਕਲਿਆ ਹੋਇਆ ਹੈ। ਪੰਜਾਬ ਵਿੱਚ ਜਦ ਬਲਦਾਂ ਆਦਿ ਨਾਲ ਖੇਤੀ ਕੀਤੀ ਜਾਂਦੀ ਸੀ ਤਦ ਜਦੋਂ ਕੋਈ ਭਾਰੀ ਚੀਜ਼ ਅੜ ਜਾਂਦੀ ਸੀ, ਤਦ ਉਸ ਦੇ ਅੱਗੇ ਤਾਕਤ ਵਧਾਉਣ ਲਈ ਹੋਰ ਤਕੜੇ ਬਲਦ (ਪਸ਼ੂ ਆਦਿ) ਜੋੜ ਕੇ ਬੇੜਾ ਪਾਰ ਲਗਾਇਆ ਜਾਂਦਾ ਸੀ। ਜਿਸ ਨੂੰ ਆਮ ਕਰਕੇ ਪੰਜਾਬ 'ਚ 'ਬੀਂਡੀ ਜੋੜਨਾ' ਆਖਿਆ ਜਾਂਦਾ ਸੀ। ਜਿਸ ਨੂੰ ਮੋਦੀ ਡਬਲ ਇੰਜਣ ਆਖਦੇ ਹਨ।

2014 ਤੋਂ ਬਾਅਦ ਜਦ ਮੋਦੀ ਸਾਹਿਬ ਭਾਰਤ ਦੇ ਪ੍ਰਧਾਨ ਮੰਤਰੀ ਬਣੇ ਤਾਂ ਉਨ੍ਹਾਂ ਡਬਲ ਇੰਜਣ ਸਰਕਾਰ ਦੀ ਕਾਢ ਕੱਢ ਕੇ ਭਾਜਪਾ ਵੱਲੋਂ ਬੇਅਸੂਲੀ ਮਦਦ ਕਰਕੇ ਅਜਿਹੀਆਂ ਸਰਕਾਰਾਂ ਹੋਂਦ ਵਿੱਚ ਲਿਆਂਦੀਆਂ। ਪਹਿਲਿਆਂ ਵਿੱਚ ਵੀ ਕਸ਼ਮੀਰ ਵਰਗੇ ਨਾਜ਼ੁਕ ਸੂਬੇ ਵਿੱਚ ਅਜਿਹੇ ਬੇਅਸੂਲੇ ਗੱਠਜੋੜ ਕਰਕੇ ਆਪਣੀ ਵਿਚਾਰਧਾਰਾ ਦੇ ਵਿਰੋਧੀਆਂ ਨਾਲ ਸੱਤਾ 'ਤੇ ਕਾਬਜ਼ ਰਹਿਣ ਲਈ ਬੇਅਸੂਲੇ ਡਬਲ ਇੰਜਣ ਦੀਆਂ ਸਰਕਾਰਾਂ ਦਾ ਖੂਬ ਪ੍ਰਚਾਰ ਕਰਕੇ ਇਨ੍ਹਾਂ ਨੂੰ ਹੋਂਦ 'ਚ ਲਿਆਂਦਾ। ਅੱਜਕੱਲ੍ਹ ਤੁਸੀਂ ਦੇਖ-ਸੁਣ ਰਹੇ ਹੋਵੋਗੇ ਕਿ ਕਿਵ

ਕਾਵਿ-ਮਈ ਵਾਰਤਕ ਵਿਚ ਚਿੱਤਰੇ ਸ਼ਬਦ ਚਿੱਤਰ

ਮਨ ਦੇ ਮਹਿਰਮ

(ਸ਼ਬਦ ਚਿੱਤਰ)
ਰਣਬੀਰ ਰਾਣਾ
ਸਫ਼ੇ 108, ਮੁੱਲ : 200 ਰੁਪਏ
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ

ਕਿਤਾਬ ਦੀ

ਪਰਖ ਪੜਚੋਲ

ਡਾ. ਹਰਜਿੰਦਰ ਸਿੰਘ ਸੂਰੇਵਾਲੀਆ

ਰੇਖਾ ਚਿੱਤਰ ਜਾਂ ਸ਼ਬਦ ਚਿੱਤਰ ਪੰਜਾਬੀ ਵਾਰਤਕ ਸਾਹਿਤ ਦੀ ਬਹੁਤ ਹੀ ਮਕਬੂਲ ਹੋਈ ਵਿਧਾ ਹੈ। ਕਾਵਿ ਰਚਨਾ ਕਰਨ ਵਾਲੇ ਕਈ ਕਵੀਆਂ ਨੇ ਵੀ ਇਸ ਵਿਧਾ ਵਿਚ ਗਿਣਾਤਮਕ ਅਤੇ ਗੁਣਾਤਮਕ ਪੱਖ ਤੋਂ ਵਾਧਾ ਕੀਤਾ ਹੈ। ਰਣਬੀਰ ਰਾਣਾ ਵੀ ਪੰਜਾਬੀ ਗਜ਼ਲ ਖੇਤਰ ਵਿਚ ਆਪਣਾ ਸਥਾਨ ਰੱਖਣ ਵਾਲਾ ਗਜ਼ਲਗੋ ਹੈ, ਜਿਸ ਨੇ ਜਨਾਬ ਦੀਪਕ ਜੈਤੋਈ ਤੋਂ ਗਜ਼ਲ ਦੀਆਂ ਬਾਰੀਕੀਆਂ ਨੂੰ ਸਮਝਿਆ ਤੇ ਪੰਜਾਬੀ ਸਾਹਿਤ ਦੀ ਝੋਲੀ ਤਿੰਨ ਗਜ਼ਲ ਸੰਗ੍ਰਹਿ ਪਾਏ। 'ਮਨ ਦੇ ਮਹਿਰਮ' ਉਸ ਦੀ ਪਹਿਲੀ ਵਾਰਤਕ ਪੁਸਤਕ ਹੈ, ਜਿਸ ਵਿਚ ਉਸ ਨੇ ਆਪਣੇ ਬਹੁਤ ਹੀ ਨਜ਼ਦੀਕ ਰਹੀਆਂ ਸ਼ਖਸੀਅਤਾਂ ਦੇ ਸ਼ਬਦ ਚਿੱਤਰ ਉਲੀਕੇ ਹਨ। ਇਹਨਾਂ ਸ਼ਬਦ ਚਿੱਤਰਾਂ ਨੂੰ ਉਸ ਨੇ 'ਓ' ਅਤੇ 'ਅ' ਦੋ ਭਾਗਾਂ ਵਿਚ ਵੰਡਿਆ ਹੈ। 'ਓ' ਭਾਗ ਵਿਚ ਉਹਨਾਂ ਸ਼ਖਸੀਅਤਾਂ ਦੇ ਸ਼ਬਦ ਚਿੱਤਰ ਹਨ ਜੋ ਇਸ ਸਮੇਂ ਇਸ ਸੰਸਾਰ ਵਿਚ ਵਿਚਰ ਰਹੇ ਹਨ। ਦੂਜੇ ਭਾਗ ਦੀਆਂ ਸ਼ਖ਼ਸੀਅਤਾਂ ਹੁਣ ਇਸ ਸੰਸਾਰ ਵਿਚ ਨਹੀਂ ਹਨ। ਇਸ 'ਅ' ਭਾਗ ਵਿਚ ਉਸ ਦੇ ਆਪਣੇ ਪਰਵਾਰ ਦੇ ਤਿੰਨ ਜੀਆਂ 'ਬਾਪੂ ਬਘੇਲ ਸਿੰਘ-ਸਾਡੇ ਪਰਵਾਰ ਦਾ ਬਾਘ', 'ਮਾਤਾ ਬਸੰਤ ਕੌਰ-ਮਾਂ ਵਰਗਾ ਘਣਛਾਵਾਂ ਬੂਟਾ' ਅਤੇ ਪਤਨੀ ਸੋਮਾ ਰਾਣੀ-ਸੀਨੇ ਦਾ ਸੱਲ' ਦੇ ਸ਼ਬਦ ਚਿੱਤਰ ਸ਼ਾਮਲ ਕੀਤੇ ਹਨ। ਇਹਨਾਂ ਸ਼ਬਦ ਚਿੱਤਰਾਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਉਸ ਨੇ ਬੜੀ ਸਾਫ਼ਗੋਈ ਅਤੇ ਇਮਾਨਦਾਰੀ ਨਾਲ ਸੱਚ ਦਾ ਪੱਲਾ ਫੜੀ ਰੱਖਿਆ ਹੈ। ਪਰਵਾਰ ਦੇ ਜੀਆਂ ਤੋਂ ਬਿਨਾਂ ਜਿਨ੍ਹਾਂ ਸ਼ਖਸੀਅਤਾਂ ਦੇ ਸ਼ਬਦ ਚਿੱਤਰ ਲਿਖੇ ਗਏ ਹਨ, ਉਹਨਾਂ ਨਾਲ ਵੀ ਰਣਬੀਰ ਰਾਣਾ ਦਾ ਰਿਸ਼ਤਾ ਪਰਵਾਰਕ ਮੈਂਬਰਾਂ ਵਰਗਾ ਹੀ ਰਿਹਾ ਜਾਪਦਾ ਹੈ। ਇਹ ਸ਼ਖਸੀਅਤਾਂ ਸਾਹਿਤਕ ਖੇਤਰ ਨਾਲ ਸੰਬੰਧਤ ਹਨ ਤੇ ਇਕ ਸਾਂਝਾ ਨੁਕਤਾ ਇਹਨਾਂ ਵਿਚਕਾਰ ਇਹ ਹੈ ਕਿ ਇਹ ਸਾਰੀਆਂ ਹੀ ਲੋਕ ਪੱਖੀ ਸਾਂਝੀ ਵਿਚਾਰਧਾਰਾ 'ਤੇ ਪਹਿਰਾ ਦਿੰਦੀਆਂ ਰਹੀਆਂ ਹਨ। ਇਹਨਾਂ ਸ਼ਬਦ ਚਿੱਤਰਾਂ ਵਿਚ ਰਾਣਾ ਦਾ ਖੁਦ ਦਾ ਸ਼ਬਦ ਚਿੱਤਰ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਉਸ ਦਾ ਬਿੰਬ ਮਾਪਿਆਂ ਦਾ ਸਰਵਣ ਪੁੱਤਰ, ਪਤਨੀ ਦਾ ਆਦਰਸ਼ਕ ਪਤੀ, ਯਾਰਾਂ ਦਾ ਯਾਰ ਅਤੇ ਸਮਾਜ ਪ੍ਰਤੀ ਇਕ ਸੁਹਿਰਦ ਮਨੁੱਖ ਵਜੋਂ ਉੱਭਰਦਾ ਹੈ।

ਰਾਣੇ ਦੇ ਸ਼ਬਦ ਚਿੱਤਰਾਂ ਦੀ ਵਿਸ਼ੇਸ਼ਤਾ ਇਹ ਵੀ ਹੈ ਕਿ ਉਹ ਸਿਰਲੇਖ ਰਾਹੀਂ ਹੀ ਸ਼ਖਸ ਦੇ ਪ੍ਰਮੁੱਖ ਗੁਣ ਜਾਂ ਗੁਣਾਂ ਦਾ ਨਿਚੋੜ ਪੇਸ਼ ਕਰ ਦਿੰਦਾ ਹੈ। ਜਿਵੇਂ 'ਸਿਦਕ, ਸਿਆਣਪ ਅਤੇ ਸੰਘਰਸ਼ ਦਾ ਸੰਗਮ-ਡਾ. ਲਾਭ ਸਿੰਘ ਖੀਵਾ', 'ਮਹਿਮਾਨ-ਨਿਵਾਜ਼ੀ ਦਾ ਮੁਜੱਸਮਾ-ਹਰਬੰਸ ਸਿੰਘ ਬਰਾੜ', 'ਅਸੂਲਾਂ ਦਾ ਝੰਡਾਬਰਦਾਰ-ਗੁਰਦੇਵ ਖੋਖਰ', 'ਦੋਸਤੀ ਦੀ ਪਿੱਠ ਨਹੀਂ ਹੁੰਦੀ-ਜਸਪਾਲ ਮਾਨਖੇੜਾ', 'ਪੈਰ ਜੁੱਤੀ ਨਾ ਪਾਵਾਂ-ਕਾ. ਜਰਨੈਲ ਸਿੰਘ ਭਾਈਰੂਪਾ', 'ਹੌਂਸਲੇ ਦਾ ਪਰਬਤ-ਜੇ.ਸੀ. ਪਰਿੰਦਾ' ਆਦਿ। ਸ਼ਬਦ ਚਿੱਤਰ ਕਾਵਿਕ ਸ਼ੈਲੀ ਵਿਚ ਲਿਖੇ ਗਏ ਹਨ। ਡਾ. ਖੀਵਾ ਦਾ ਉਹ ਕੱਦ-ਬੁੱਤ ਇਸ ਤਰ੍ਹਾਂ ਬਿਆਨ ਕਰਦਾ ਹੈ ਕਿ ਉਸ ਪਾਠਕ ਦੇ ਮਨ-ਮਸਤਕ ਵਿਚ ਡਾ. ਖੀਵਾ ਦੀ ਤਸਵੀਰ ਉੱਭਰ ਆਉਂਦੀ ਹੈ, ਜੋ ਉਸ ਨੂੰ ਕਦੇ ਮਿਲਿਆ ਹੀ ਨਹੀਂ ਹੁੰਦਾ-

'ਖੀਵਾ ਖਾਲਸ ਮਲਵਈ ਹੈ। ਮੁੱਛਾਂ ਕੁਤਰਕੇ ਰੱਖਦੈ। ਚਿਹਰੇ 'ਤੇ ਭਾਰੂ ਪੈਂਦੀ ਭਰਵੀਂ ਦਾੜ੍ਹੀ ਪਰ ਜੜ੍ਹਾਂ ਤੱਕ ਲਾਪਰੀ ਹੋਈ, ਦੁੱਧ ਵਰਗੀ ਚਿੱਟੀ। ਆਪਣੇ ਤਿੱਖੇ ਨੱਕ ਵਾਂਗ ਤਿੱਖੀ ਚੁੰਝ ਵਾਲੀ ਪੱਗ ਬੰਨ੍ਹਦੈ। ਪੱਗ ਦੇ ਰੰਗ ਵਰਗੀ ਟਾਈ ਗਲ ਵਿਚ ਲਮਕਾਉਂਦਾ ਹੈ। ਉਸ ਦਾ ਚੌੜਾ ਮੱਥਾ ਤਿਊੜੀਆਂ ਨਹੀਂ ਪਾਉਂਦਾ। ਚਿਹਰਾ ਚਮਕਾਂ ਮਾਰਦੈ। ਅੱਖਾਂ ਖਿੜੀਆਂ-ਖਿੜੀਆਂ। ਦੰਦ ਬੀੜ ਹੱਸਦੀ-ਹੱਸਦੀ। ਕੰਨ ਖੜੇ ਰੱਖਦੈ। ਕੰਨਾਂ ਦੀਆਂ ਕਰੂਬਲਾਂ ਪੱਗ ਦੇ ਲੜ ਹੇਠੋਂ ਝਾਤੀ ਮਾਰਦੀਆਂ ਨੇ। ਲੰਮਾ-ਲੰਝਾ ਕੱਦ ਕਾਠ। ਤਕੜੀ ਕਾਠੀ।'

ਸ਼ਬਦ ਚਿੱਤਰ ਵਾਲੀ ਕਟਾਕਸ਼ੀ ਸ਼ੈਲੀ ਵਿਚ ਉਹ ਬਿਆਨ ਕਰਦਾ ਹੈ ਕਿ, 'ਖੀਵਾ ਕੋਲ ਕਾਵਿ ਰੂਪੀ ਸ਼ਿਲਪੀ ਛੈਣੀ ਅਤੇ ਸੰਨੀ ਵੀ ਹੈ। ਇਸ ਕੋਲ ਲੁਹਾਰ ਵਾਲਾ ਘਨ ਨਹੀਂ ਹੈ। ਇਹ ਆਪਣੇ ਵਿਚਾਰਾਂ ਨੂੰ ਬੁੱਧੀ ਦੀ ਪਾਨ ਚੜ੍ਹਾਉਂਦਾ ਹੈ।'

ਰਾਣਾ ਦੇ ਸ਼ਬਦ ਚਿੱਤਰ ਪਹਿਲੀ ਲਾਈਨ ਤੋਂ ਹੀ ਪਾਠਕ ਨੂੰ ਆਪਣੇ ਨਾਲ ਤੋਰ ਲੈਂਦੇ ਹਨ। ਜਸਪਾਲ ਮਾਨਖੇੜਾ ਬਾਰੇ ਉਹ ਲਿਖਦਾ ਹੈ, 'ਸਾਡੀ ਸਾਂਝ ਦਾ ਬੂਟਾ ਇਕਤਾਲੀ ਸਾਲਾਂ ਦਾ ਹੋ ਚੁੱਕਾ ਹੈ। ਇਸ ਦੀ ਜੜ੍ਹ ਦਿਨ-ਬ-ਦਿਨ ਮਜ਼ਬੂਤ ਹੋਈ ਹੈ। ਇਸ ਦੀਆਂ ਟਾਹਣੀਆਂ 'ਤੇ ਮੁਹੱਬਤ ਦੇ ਫੁੱਲ ਖਿੜੇ ਹਨ, ਜਿਨ੍ਹਾਂ ਦੀ ਖੁਸ਼ਬੋ ਨੇ ਹਰ ਦਿਲ ਵਿਚ ਮਹਿਕ ਬਖੇਰੀ ਹੈ।'

ਇਸੇ ਤਰ੍ਹਾਂ 'ਗੁਰਦੇਵ ਖੋਖਰ ਸ਼ਤੀਰ ਵਰਗਾ ਸਿੱਧਾ ਅਤੇ ਸਾਫ਼ ਹੈ। ਉਹ ਬਾਹਰੋਂ-ਅੰਦਰੋਂ ਸ਼ੀਸ਼ੇ ਵਰਗਾ ਸਾਫ਼ ਦਿਲ ਇਨਸਾਨ ਹੈ। ਉਸ ਵਿਚ ਕੋਈ ਵਿੰਗ-ਵਲ ਨਹੀਂ ਹੈ।'

'ਕਾਮਰੇਡ ਮੱਖਣ ਸਿੰਘ ਨੂੰ ਬਾਲ ਉਮਰੇ ਹੀ ਹਨੇਰੇ ਦਾ ਸੰਤਾਪ ਭੋਗਣਾ ਪਿਆ। ਇਸ ਕਾਰਨ ਹੀ ਉਸ ਨੂੰ ਸਾਰੀ ਜ਼ਿੰਦਗੀ ਹਨੇਰੇ ਨਾਲ ਨਫ਼ਰਤ ਰਹੀ। ਉਹ ਤਾਉਮਰ ਹਨੇਰੇ ਨਾਲ ਲੜਦਾ ਰਿਹਾ।'

'ਹਰਬੰਸ ਬਰਾੜ ਵਿਲੱਖਣ ਹੈ। ਉਸ ਦੀ ਹਸਤੀ ਨਿਆਰੀ ਹੈ। ਉਹ ਕੇਸਰ ਵਾਂਗ ਖੁਸ਼ਬੂ ਵੰਡਦਾ, ਦਰਿਆ ਵਾਂਗ ਵਹਿੰਦਾ ਹੈ। ਉਸ ਦੀ ਝੋਲੀ ਗੁਣਾਂ ਨਾਲ ਭਰੀ ਹੋਈ ਹੈ। ਗਿਣਤੀ ਕਰਨੀ ਔਖੀ ਹੈ।'

ਰਣਬੀਰ ਰਾਣਾ ਦੀ ਵਾਰਤਕ ਵਿਚ ਕਵਿਤਾ ਵਾਂਗ ਰਵਾਨਗੀ ਹੈ। ਮਾਨਖੇੜਾ ਦੇ ਸ਼ਬਦ ਚਿੱਤਰ ਵਿਚ ਉਹ ਲਿਖਦਾ ਹੈ, 'ਜਸਪਾਲ ਨੂੰ ਵਿਹਲ ਵਿਹੂ ਵਰਗੀ ਲੱਗਦੀ ਹੈ। ਉਹ ਪਾਣੀ ਵਾਂਗ ਵਗਣਾ, ਪੰਛੀ ਵਾਂਗ ਉਡਣਾ ਚਾਹੁੰਦਾ ਹੈ। ਇਸ ਕਰਕੇ ਪਿੰਡਾਂ, ਸ਼ਹਿਰਾਂ ਦੇ ਵਿਹਲੜ ਉਸ ਦੀ ਅੱਖ ਵਿਚ ਰੜਕਦੇ ਨੇ। ਉਸ ਨੂੰ ਕਿਰਤ ਸੱਭਿਆਚਾਰ, ਭਾਈਚਾਰਕ ਸਾਂਝ, ਮੋਹ ਦੇ ਰਿਸ਼ਤਿਆਂ ਦਾ ਭੋਗ ਪੈਂਦਾ ਲੱਗਦਾ ਹੈ। ਉਹ ਤੜਫ਼ਦਾ ਹੈ। ਸਰਕਾਰਾਂ ਨੂੰ ਕੋਸਦਾ ਹੈ। ਮਨ ਵਿਚ ਲੋਕਾਂ ਨੂੰ ਗਾਲਾਂ ਕੱਢਦਾ ਹੈ। ਆਪਣੇ ਮਨ ਦੀ ਭੜਾਸ ਯਾਰਾਂ, ਦੋਸਤਾਂ ਕੋਲ ਜਾਂ ਫਿਰ ਕਿਧਰੇ ਰੈਲੀ-ਮੁਜ਼ਾਹਰੇ ਵਿਚ ਕੱਢਦਾ ਹੈ।'

ਕਹਾਣੀ ਵਾਂਗ ਸ਼ਬਦ ਚਿੱਤਰ ਦਾ ਆਰੰਭ ਅਤੇ ਅੰਤ ਮਹੱਤਵਪੂਰਨ ਹੁੰਦੇ ਹਨ। ਜਿਵੇਂ ਦਵਿੰਦਰ ਸਤਿਆਰਥੀ ਕਹਿੰਦਾ ਹੁੰਦਾ ਸੀ ਕਿ ਮੇਰੀ ਕਹਾਣੀ ਦਾ ਅੱਗਾ ਅਤੇ ਪਿੱਛਾ ਠੀਕ ਕਰ ਦੇਵੋ, ਵਿਚ-ਵਿਚਾਲੇ ਆਲੂ ਤਾਂ ਮੈਂ ਆਪੇ ਭਰ ਲਵਾਂਗਾ। ਰਾਣਾ ਨੇ ਵੀ ਸ਼ਬਦ ਚਿੱਤਰਾਂ ਦੇ ਆਰੰਭ ਤਾਂ ਕਹਾਣੀ ਵਾਂਗ ਹੀ ਕੀਤੇ ਹਨ ਤੇ ਇਹਨਾਂ ਦੇ ਢਿੱਡ ਬੜੇ ਸੁਆਦਲੇ ਆਲੂਆਂ ਭਾਵ ਦਿਲਚਸਪ ਘਟਨਾਵਾਂ ਅਤੇ ਜਾਣਕਾਰੀਆਂ ਨਾਲ ਭਰੇ ਹਨ। ਜਸਪਾਲ ਮਾਨਖੇੜਾ ਬਾਰੇ ਉਹ ਲਿਖਦਾ ਹੈ ਕਿ ਉਸ ਦਾ ਕੱਦ ਲੰਬਾ ਅਤੇ ਦੇਹ ਭਾਰੀ ਹੈ। ਇਸੇ ਕਰਕੇ ਗੁਰਦੇਵ ਸਿੰਘ ਰੁਪਾਣਾ ਨੇ ਉਸ ਨੂੰ ਕਿਹਾ ਸੀ ਕਿ ਜਸਪਾਲ ਕਹਾਣੀਕਾਰ ਨਾਲੋਂ ਭਲਵਾਨ ਵੱਧ ਲੱਗਦੈ। ਓਮ ਪ੍ਰਕਾਸ਼ ਗਾਸੋ ਵੀ ਮਾਨਖੇੜਾ ਨੂੰ ਵੇਖ ਕੇ ਕਹਿੰਦਾ ਹੁੰਦਾ ਸੀ ਕਿ ਆਹ ਆ ਗਿਆ ਸਾਡਾ ਭਲਵਾਨ ਕਹਾਣੀਕਾਰ।

ਮਾਤਾ ਬਸੰਤ ਕੌਰ ਦੇ ਸ਼ਬਦ ਚਿੱਤਰ ਵਿਚ ਪਤਾ ਲਗਦਾ ਹੈ ਕਿ ਇਕ ਵਾਰ ਅਖ਼ਬਾਰ ਵਿਚ ਆਪਣੀ ਮੌਤ ਦੀ ਖ਼ਬਰ ਪੜ੍ਹ ਕੇ ਰਾਣੇ ਦੇ ਹੋਸ਼ ਉੱਡ ਗਏ ਸਨ। ਸਾਹਿਤ ਸਭਾ ਬਠਿੰਡਾ ਦੀ ਮੀਟਿੰਗ ਖ਼ਤਮ ਹੋਈ ਤਾਂ ਕਿਸੇ ਨੇ ਕਹਿ ਦਿੱਤਾ ਕਿ ਰਾਣੇ ਦਾ ਵੀ ਸ਼ੋਕ ਮਤਾ ਪਾ ਦਿਓ, ਜਿਸ ਦਾ ਭਾਵ ਸੀ ਕਿ ਰਾਣੇ ਦੀ ਮਾਤਾ ਦੇ ਸਵਰਗਵਾਸ ਹੋਣ ਦਾ ਸ਼ੋਕ ਮਤਾ, ਪਰ ਪੱਤਰਕਾਰ ਇਸ ਨੂੰ ਰਾਣੇ ਦੀ ਮੌਤ ਦਾ ਹੀ ਸ਼ੋਕ ਮਤਾ ਸਮਝ ਬੈਠਾ ਸੀ। ਰਣਬੀਰ ਰਾਣੇ ਦੇ ਆਪਣੇ ਵਿਆਹ ਦੇ ਰੰਗ ਵਿਚ ਵੀ ਓਦੋਂ ਭੰਗ ਪੈ ਗਈ ਸੀ, ਜਦੋਂ ਪੁਲਸ ਨੇ ਉਸ ਨੂੰ ਫੜ ਕੇ ਫੌਜ ਦੇ ਹਵਾਲੇ ਕਰ ਦਿੱਤਾ ਸੀ। ਰਾਣੇ ਦੇ ਵਿਆਹ ਦੇ ਦਿਨਾਂ ਵਿਚ ਹੀ ਸਾਰੇ ਪੰਜਾਬ ਵਿਚ ਜੂਨ ਚੁਰਾਸੀ ਵਾਲਾ ਕਰਫਿਊ ਲੱਗ ਗਿਆ ਸੀ। ਭਿੰਡਰਾਂਵਾਲੇ ਦੀਆਂ ਢਾਡੀ ਵਾਰਾਂ ਗਾਉਣ ਵਾਲੇ ਆਪਣੇ ਪਿੰਡ ਦੇ ਜਸਵੀਰ ਸਿੰਘ ਦਾ ਦੋਸਤ ਹੋਣ ਕਾਰਨ ਉਸ ਨੂੰ ਵੀ ਅੱਤਵਾਦੀ ਸਮਝ ਲਿਆ ਗਿਆ ਸੀ। ਕਈ ਦਿਨ ਫੌਜ ਦੀ ਹਿਰਾਸਤ ਵਿਚ ਰਹਿਣ ਤੋਂ ਬਾਅਦ ਬੇਕਸੂਰ ਹੋਣ ਕਾਰਨ ਰਾਣੇ ਦੀ ਰਿਹਾਈ ਹੋਈ ਸੀ, ਪਰ ਕੁੱਝ ਦਿਨ ਉਸ ਨੂੰ ਹਰ ਪਲ ਮੌਤ ਸਿਰ 'ਤੇ ਮੰਡਰਾਉਂਦੀ ਨਜ਼ਰ ਆਉਂਦੀ ਰਹੀ ਸੀ। ਇਸ ਡਰਾਵਣੇ ਮਹੌਲ ਵਿਚ ਵੀ ਰਾਣੇ ਨੇ ਹਾਸਾ ਉਪਜਾਉਣ ਦੀ ਕੋਸ਼ਿਸ਼ ਕੀਤੀ ਹੈ-

'ਸੁਬਾ ਜਦੋਂ ਅਸੀਂ ਟੱਟੀ ਜਾਣਾ ਹੁੰਦਾ ਸੀ ਤਾਂ ਫੌਜੀ ਸਾਡਾ ਹੱਥ ਰੱਸੀ ਨਾਲ ਬੰਨ੍ਹ ਕੇ ਖੇਤਾਂ ਵੱਲ ਪਤੰਗ ਦੀ ਡੋਰ ਵਾਂਗ ਛੱਡ ਜਾਂਦੇ। ਇਕ ਫੌਜੀ ਸਾਡੇ ਵੱਲ ਬੰਦੂਕ ਸਿੰਨੀ ਰੱਖਦਾ ਸੀ। ਅਜਿਹੀ ਹਾਲਤ ਵਿਚ ਟੱਟੀ ਕਿੱਥੇ ਉੱਤਰਦੀ ਸੀ।'

ਆਪਣੇ ਉਸਤਾਦ ਦੀਪਕ ਜੈਤੋਈ ਦਾ ਸ਼ਬਦ ਚਿੱਤਰ ਰਾਣਾ ਨੇ ਬੜੇ ਵਿਸਥਾਰ ਨਾਲ ਲਿਖਿਆ ਹੈ। ਉਸ ਨਾਲ ਬਿਤਾਏ ਪਲਾਂ ਨੂੰ ਯਾਦ ਕੀਤਾ ਹੈ। ਦੀਪਕ ਜੈਤੋਈ ਪੰਜਾਬੀ ਗਜ਼ਲ ਦੀ ਇਕ ਨਾਮਵਰ ਸ਼ਖ਼ਸੀਅਤ ਸੀ, ਜਿਸ ਦੇ ਜੀਵਨ ਅਤੇ ਚੱਜ-ਅਚਾਰ ਬਾਰੇ ਸਾਹਿਤ ਪ੍ਰੇਮੀਆਂ ਨੂੰ ਪਹਿਲਾਂ ਹੀ ਬਹੁਤ ਜਾਣਕਾਰੀ ਹਾਸਲ ਹੈ। ਰਾਣੇ ਨੇ ਦੀਪਕ ਦੀ ਸ਼ਖ਼ਸੀਅਤ ਦਾ ਸਹੀ ਮੁਲੰਕਣ ਪੇਸ਼ ਕੀਤਾ ਹੈ-

'ਉਹਨਾਂ ਦੀ ਆਰਥਿਕ ਹਾਲਤ ਕਦੇ ਵੀ ਸਥਿਰ ਨਾ ਰਹੀ, ਪਰ ਉਹ ਸਾਰੀ ਉਮਰ ਸਥਿਰ ਰਹੇ। ਉਹ ਕਦੇ ਵੀ ਔਖੇ ਸਮੇਂ ਡੋਲੇ ਨਹੀਂ। ਉਹ ਸਾਹਿਤਕ ਕਿਰਤਾਂ ਨੂੰ ਮਿਲਦੇ ਸੇਵਾ ਫ਼ਲ ਅਤੇ ਨਿਗੂਣੀ ਸਰਕਾਰੀ ਪੈਨਸ਼ਨ ਨਾਲ ਕਬੀਲਦਾਰੀ ਦਾ ਬੋਝ ਹਲਕਾ ਕਰਦੇ ਰਹੇ।'

'ਜਨਾਬ ਦੀਪਕ ਜੈਤੋਈ ਆਪਣੇ ਸ਼ਾਗਿਰਦਾਂ ਨੂੰ ਵੇਖ ਕੇ ਖਿੜ ਜਾਂਦੇ ਸਨ। ... ਸ਼ਾਗਿਰਦਾਂ ਨੂੰ ਪੁੱਤਾਂ ਵਾਂਗ ਪਿਆਰ ਕਰਦੇ ਸਨ। ਜੇਕਰ ਕਦੇ ਉਹਨਾ ਦਾ ਹੱਥ ਤੰਗ ਨਾ ਹੁੰਦਾ ਤਾਂ ਉਹ ਦਾਰੂ ਅਤੇ ਬੱਕਰੇ ਦਾ ਮੀਟ ਵੀ ਧਰਦੇ, ਪਰ ਉਸਤਾਦ ਆਪ ਤਰੀ ਦਾ ਚਮਚਾ ਹੀ ਲਾਉਂਦੇ ਸਨ। ਉਹ ਮਹਿਮਾਨ ਦੀ ਸੇਵਾ ਕਰਕੇ ਖੁਸ਼ ਹੁੰਦੇ ਸਨ। ਉਹਨਾਂ ਨੂੰ ਕੋਈ ਝਟਕਈ ਮਾੜਾ ਮੀਟ ਨਹੀਂ ਦਿੰਦਾ ਸੀ। ਨਾ ਹੀ ਕੋਈ ਕਾਰਿੰਦਾ ਲੱਗੀ ਸ਼ਰਾਬ ਦਿੰਦਾ ਸੀ। ਉਹਨਾਂ ਦਾ ਸਤਿਕਾਰ ਐਨਾ ਸੀ ਕਿ ਹਰ ਕੋਈ ਉਹਨਾਂ ਦੀ ਸੰਗਤ ਕਰਕੇ ਆਪਣੇ-ਆਪ ਨੂੰ ਖ਼ੁਸ਼ਨਸੀਬ ਸਮਝਦਾ ਸੀ। ਦੀਪਕ ਸਾਹਿਬ ਦੀ ਸ਼ਰਾਬ ਦੇ ਕਈ ਕਿੱਸੇ ਮਸ਼ਹੂਰ ਸਨ। ਇਕ ਵਾਰ ਕਿਸੇ ਨੇ ਜਸਪਾਲ ਮਾਨਖੇੜਾ ਤੋਂ ਪੁਛਿਆ, 'ਰਾਣੇ ਦੇ ਉਸਤਾਦ ਸਾਹਿਬ ਕਿੰਨੀ ਕੁ ਦਾਰੂ ਪੀਂਦੇ ਨੇ' ਉਹ ਦੀਪਕ ਸਾਹਿਬ ਦੀ ਪੀਣੀ ਦਾ ਭੇਤੀ ਸੀ। ਉਸ ਨੇ ਮਖੌਲੀਆ ਲਹਿਜੇ ਵਿਚ ਕਿਹਾ, 'ਉਹ ਤਾਂ ਸਵੇਰੇ ਉੱਠ ਕੇ ਦਾਰੂ ਦੀ ਕੁਰਲੀ ਕਰਦੇ ਹਨ।'

ਇਸ ਪੁਸਤਕ ਵਿਚ ਰਾਣੇ ਨੇ ਜਰਨੈਲ ਸਿੰਘ ਭਾਈਰੂਪਾ, ਕਾਮਰੇਡ ਮੱਖਣ ਸਿੰਘ ਅਤੇ ਜੇ.ਸੀ. ਪਰਿੰਦੇ ਦੇ ਸ਼ਬਦ ਚਿੱਤਰ ਵੀ ਸ਼ਾਮਲ ਕੀਤੇ ਹਨ ਪਰ ਇਹਨਾਂ ਵਿਚ ਸ਼ਬਦ ਚਿੱਤਰਾਂ ਵਾਲੀ ਉਹ 'ਕਣੀ' ਨਹੀਂ ਹੈ। ਇਹਨਾਂ ਸ਼ਖਸੀਅਤਾਂ ਬਾਰੇ ਇਕ ਤਰ੍ਹਾਂ ਦੀ ਜਾਣਕਾਰੀ ਹੀ ਮੁਹੱਈਆ ਹੁੰਦੀ ਹੈ।

ਹਰ ਮਨ ਦੇ ਮਹਿਰਮ ਦੇ ਸ਼ਬਦ ਚਿੱਤਰ ਦੇ ਅਖੀਰ ਵਿਚ ਉਸ ਦਾ ਕਾਵਿ ਸ਼ਬਦ ਚਿੱਤਰ ਵੀ ਪੇਸ਼ ਕੀਤਾ ਗਿਆ ਹੈ, ਜਿਸ ਕਰਕੇ ਇਹ ਪੁਸਤਕ ਵਾਰਤਕ ਅਤੇ ਕਾਵਿ ਦਾ ਸੁੰਦਰ ਸੁਮੇਲ ਬਣ ਗਈ ਹੈ। ਡਾ. ਲਾਭ ਸਿੰਘ ਖੀਵਾ ਦਾ ਕਾਵਿ ਸ਼ਬਦ ਚਿੱਤਰ-

ਖੀਵਾ ਹਸਦਾ, ਈਰਾ ਹਸਦੀ।
ਜਿਉਂ ਹੈ ਕੋਈ ਮੀਰਾ ਨੱਚਦੀ।
ਈਰਾ ਹਸਦੀ ਖੀਵਾ ਹਸਦਾ।
ਹਰ ਦਿਲ ਵਿਚ ਹੈ ਹਾਸਾ ਵਸਦਾ।
ਈਰਾ ਨੱਚੇ, ਖੀਵਾ ਗਾਵੇ।
ਪੌਣਾਂ 'ਚ ਜਿਉਂ ਸੰਗੀਤ ਨਹਾਵੇ।

ਪੰਜਾਬੀ ਸਾਹਿਤ ਦੀ ਸ਼ਬਦ ਚਿੱਤਰ ਵਿਧਾ ਵਿਚ ਵਾਧਾ ਕਰਨ ਲਈ ਰਣਬੀਰ ਰਾਣਾ ਵਧਾਈ ਦਾ ਹੱਕਦਾਰ ਹੈ।

ਮੋਬਾ. 95010-50016

ਪਗੜੀ ਸੰਭਾਲ ਲਹਿਰ ਤੋਂ ਸੰਯੁਕਤ ਕਿਸਾਨ ਮੋਰਚੇ ਤੱਕ

ਪ੍ਰੋ. ਰੌਣਕੀ ਰਾਮ
ਅਨੁ : ਪ੍ਰੋ. ਪੀ ਐੱਸ ਭੋਗਲ
ਪੰਨੇ : 174, ਮੁੱਲ : 295 ਰੁਪਏ
ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ

ਇਤਿਹਾਸ ਬਾਰੇ ਪੁਨਰ ਵਿਚਾਰ-ਚਰਚਾ ਕਰਦੀ ਪੁਸਤਕ

ਸੱਪਾਂ ਦੀਆਂ ਸਿਰੀਆਂ ਮਿੱਧ ਕੇ ਅੰਨ ਉਗਾਉਂਦਾ ਕਿਸਾਨ ਪੈਰ-ਪੈਰ 'ਤੇ ਮੁਸ਼ਕਲਾਂ ਨਾਲ ਜੂਝਦਾ ਹੈ। ਕੁਦਰਤੀ ਆਫਤਾਂ ਉਹ ਵੱਡੇ ਜਿਗਰੇ ਨਾਲ ਸਹਾਰ ਲੈਂਦਾ ਹੈ। ਦਿਨ-ਰਾਤ ਇੱਕ ਕਰਕੇ ਮੁੜ ਪੈਰਾਂ 'ਤੇ ਖਲੋਅ ਜਾਂਦਾ ਹੈ; ਪਰ ਹਾਕਮ ਜਮਾਤ ਦੀ ਧੱਕੇਸ਼ਾਹੀ ਉਸ ਨੂੰ ਫੁੱਟੀ ਅੱਖ ਨਹੀਂ ਭਾਉਂਦੀ। ਜਿਸ ਸਿਰੜ ਨਾਲ ਉਹ ਮਿੱਟੀ ਨਾਲ ਮਿੱਟੀ ਹੁੰਦਾ ਹੈ, ਉਸੇ ਨਾਲ ਉਹ ਸਰਕਾਰਾਂ ਨਾਲ ਮੱਥਾ ਲਾਉਣ ਦੀ ਜੁਰਅੱਤ ਵੀ ਰੱਖਦਾ ਹੈ। 'ਪਗੜੀ ਸੰਭਾਲ ਲਹਿਰ' (1907 ਈ:) ਇਸ ਦੀ ਗਵਾਹ ਹੈ ਕਿ ਹੱਕਾਂ ਲਈ ਸੰਘਰਸ਼ ਕਰਦਾ ਉਹ ਕਦੇ ਹਿੰਸਕ ਨਹੀਂ ਹੁੰਦਾ ਤੇ ਨਾ ਹੀ ਸਬਰ, ਸੰਤ

6-Aug-Sunday.qxd 8/5/2023 9:04 PM Page 6

‘ਨਕਸ਼’ ਦਾ ਯੁਵਾ ਸਾਹਿਤ ਅੰਕ ਰਿਲੀਜ਼

ਲੁਧਿਆਣਾ : ਅੰਤਰਰਾਸ਼ਟਰੀ ਪੰਜਾਬੀ ਸਾਹਿਤਕ ਮੈਗਜ਼ੀਨ ‘ਨਕਸ਼’ ਦੇ ਇੱਕ ਸਾਲ ਮੁਕੰਮਲ ਹੋਣ ’ਤੇ ਵਿਸ਼ੇਸ਼ ਸਮਾਗਮ ਪੰਜਾਬੀ ਭਵਨ ਲੁਧਿਆਣਾ ਵਿਖੇ ਰਚਾਇਆ ਗਿਆ। ਇਸ ਮੈਗਜ਼ੀਨ ਦਾ ਤਾਜ਼ਾ ਅੰਕ ਯੁਵਾ ਸਾਹਿਤ ਨੂੰ ਸਮਰਪਿਤ ਕੀਤਾ ਗਿਆ, ਜਿਸ ਨੂੰ ਲੋਕ ਅਰਪਣ ਕਰਨ ਮੌਕੇ ਨਵੀਂ ਪੀੜ੍ਹੀ ਦੇ ਕਵੀਆਂ ਨੇ ਆਪੋ-ਆਪਣੀਆਂ ਖੂਬਸੂਰਤ ਕਵਿਤਾਵਾਂ ਦੇ ਰੰਗ ਵੀ ਬਿਖੇਰੇ। ਇਸ ਸਮਾਗਮ ਦੀ ਪ੍ਰਧਾਨਗੀ ਡਾ. ਸੁਰਜੀਤ ਪਾਤਰ ਤੇ ਡਾ. ਲਖਵਿੰਦਰ ਜੌਹਲ ਹੁਰਾਂ ਨੇ ਕੀਤੀ! ਵਿਸ਼ੇਸ਼ ਮਹਿਮਾਨ ਵਜੋਂ ਜਸਵੰਤ ਜ਼ਫਰ, ਤ੍ਰੈਲੋਚਨ ਲੋਚੀ ਤੇ ਕੁਲਦੀਪ ਸਿੰਘ ਬੇਦੀ ਹਾਜ਼ਰ ਹੋਏ। ਇਸ ਮੌਕੇ ਸੁਰਜੀਤ ਪਾਤਰ ਤੇ ਲਖਵਿੰਦਰ ਜੌਹਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਇਸ ਮੈਗਜ਼ੀਨ ਦੀ ਸੰਪਾਦਕ ਸੋਨੀਆ ਮਨਜਿੰਦਰ (ਕੈਨੇਡਾ) ਤੇ ਉਸ ਦੀ ਪੂਰੀ ਟੀਮ ਨੂੰ ਇਸ ਬਹੁਤ ਹੀ ਖੂਬਸੂਰਤ ਉਪਰਾਲੇ ਲਈ ਮੁਬਾਰਕਬਾਦ ਦਿੱਤੀ। ਜਸਵੰਤ ਜ਼ਫਰ ਤੇ ਤ੍ਰੈਲੋਚਨ ਲੋਚੀ ਨੇ ਵੀ ਨਕਸ਼ ਟੀਮ ਦੇ ਇਸ ਯਤਨ ’ਤੇ ਖੁਸ਼ੀ ਜ਼ਾਹਿਰ ਕੀਤੀ ਤੇ ਆਪਣੀਆਂ ਕਵਿਤਾਵਾਂ ਨਾਲ ਵੀ ਸਰੋਤਿਆਂ ਨਾਲ ਸਾਂਝ ਪਾਈ! ਇਸ ਮੌਕੇ ਹੋਏ ਸ਼ਾਨਦਾਰ ਕਵੀ ਦਰਬਾਰ ਵਿੱਚ ਅਨੀ ਕਾਠਗੜ੍ਹ, ਹਰਮਨ, ਰਣਧੀਰ, ਗੁਰਸੰਤ ਰਾਜੇਆਣਾ, ਰੂਹੀ ਸਿੰਘ, ਮਨਦੀਪ, ਗੁਰਵਿੰਦਰ ਗੋਸਲ, ਰਾਜਬੀਰ ਮੱਤਾ, ਗੁਰਪਾਲ ਬਿਲਾਵਲ, ਤਲਵਿੰਦਰ ਸੇਰਗਿੱਲ, ਜਗਮੀਤ ਹਰਫ, ਜਗਮੀਤ ਮੀਤ, ਜੋਬਨਪ੍ਰੀਤ, ਸੀ ਰਾਜੀ, ਸਤਨਾਮ ਸਾਦਿਕ, ਲਵਪ੍ਰੀਤ, ਗੁਰਵਿੰਦਰ , ਰਾਣੀ ਸ਼ਰਮਾ, ਹਰਿਦਰ ਫਿਰਾਕ, ਕਰਨਜੀਤ ਦਰਬਾਰ ਨੇ ਆਪੋ-ਆਪਣੀਆਂ ਖੂਬਸੂਰਤ ਕਵਿਤਾਵਾਂ ਪੇਸ਼ ਕੀਤੀਆਂ। ਯੁਵਾ ਸਾਹਿਤ ਪੁਰਸਕਾਰ ਨੌਜਵਾਨ ਕਵੀ ਰਾਜਬੀਰ ਮੱਤਾ ਨੂੰ ਦਿੱਤਾ ਗਿਆ। ਗੁਰਸੰਤ ਰਾਜੇਆਣਾ ਤੇ ਰੂਹੀ ਸਿੰਘ ਨੇ ਇਸ ਪੂਰੇ ਸਮਾਗਮ ਦੀ ਮੰਚ ਸੰਚਾਲਨਾ ਬਾਖੂਬੀ ਨਿਭਾਈ।

ਸਾਹਿਤ ਸਿਰਜਣਾ ਮੰਚ ਵੱਲੋਂ ਮਨੀਪੁਰ ਦੀਆਂ ਘਟਨਾਵਾਂ ’ਤੇ ਵਿਚਾਰ-ਚਰਚਾ

ਬਠਿੰਡਾ-ਸਾਹਿਤ ਸਿਰਜਣਾ ਮੰਚ (ਰਜਿ.) ਬਠਿੰਡਾ ਦੀ ਮਹੀਨਾਵਾਰ ਮੀਟਿੰਗ ਮੰਚ ਦੇ ਪ੍ਰਧਾਨ ਸੁਰਿੰਦਰਪ੍ਰੀਤ ਘਣੀਆਂ ਦੀ ਪ੍ਰਧਾਨਗੀ ਤਹਿਤ ਇੱਥੋਂ ਦੇ ਟੀਚਰਜ਼ ਹੋਮ ਵਿਖੇ ਹੋਈ। ਮੀਟਿੰਗ ਦੇ ਆਰੰਭ ਵਿਚ ਮੰਚ ਦੇ ਪ੍ਰਧਾਨ ਨੇ ਹਾਜ਼ਰ ਸਾਹਿਤਕਾਰਾਂ ਨੂੰ ਜੀ ਆਇਆਂ ਕਿਹਾ। ਇਸ ਤੋਂ ਉਪਰੰਤ ਸ਼ਰੋਮਣੀ ਕਵੀ ਹਰਭਜਨ ਹੁੰਦਲ, ਪੰਜਾਬੀ ਲੋਕ ਗਾਇਕ ਸੁਰਿੰਦਰ ਛਿੰਦਾ, ਸਾਹਿਤਕਾਰ ਅਸ਼ੋਕ ਵਸ਼ਿਸ਼ਠ ਡਾ. ਪਰਮਜੀਤ ਸਿੰਘ ਸਿੱਧੂ, ਲਹੌਰੀ ਰਾਮ ਬਾਲੀ, ਡਾ. ਅਮਰ ਸਿੰਘ ਆਜ਼ਾਦ, ਡਾ. ਕਿਰਨਦੀਪ ਕੌਰ ਸਮੇਤ ਪਿਛਲੇ ਦਿਨੀਂ ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਅਕਾਲ ਚਲਾਣਾ ਕਰ ਗਏ ਸੈਂਕੜੇ ਲੋਕਾਂ ਲਈ ਮੰਚ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਹਾਜ਼ਰ ਲੇਖਕਾਂ ਵੱਲੋਂ ਪਿਛਲੇ ਦਿਨੀਂ ਮਨੀਪੁਰ ਵਿੱਚ ਵਾਪਰੀਆਂ ਘਟਨਾਵਾਂ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਇਸ ਸਮੁੱਚੇ ਘਟਨਾਕ੍ਰਮ ਲਈ ਰਾਜ ਅਤੇ ਕੇਂਦਰ ਸਰਕਾਰ ਨੂੰ ਦੋਸ਼ੀ ਠਹਿਰਾਇਆ। ਪੇਂਡੂ ਸਾਹਿਤ ਸਭਾ ਬਾਲਿਆਂਵਾਲੀ ਵੱਲੋਂ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕੀਤੇ ਕੰਮਾਂ ਲਈ ਮੰਚ ਵੱਲੋਂ ਸਭਾ ਦੀ ਸ਼ਲਾਘਾ ਕੀਤੀ ਗਈ। ਇੰਦਰਜੀਤ ਪੁਰੇਵਾਲ ਦੀ ਸੰਪਾਦਨਾ ਤਹਿਤ ਨਿਕਲ ਰਹੇ ਰਾਗ ਮੈਗਜ਼ੀਨ ਵੱਲੋਂ ਉੱਘੇ ਸ਼ਾਇਰ ਵਿਜੇ ਵਿਵੇਕ ਅਤੇ ਗੁਰਤੇਜ ਕੋਹਾਰਵਾਲਾ ਨੂੰ ਰਾਗ ਪੁਰਸਕਾਰ ਨਾਲ ਸਨਮਾਨਤ ਕਰਨ ਦੇ ਐਲਾਨ ਲਈ ਰਾਗ ਦੇ ਸੰਪਾਦਕ ਦੀ ਪ੍ਰਸ਼ੰਸਾ ਕਰਨ ਦੇ ਨਾਲ-ਨਾਲ ਦੋਹਾਂ ਸ਼ਾਇਰਾਂ ਨੂੰ ਮੁਬਾਰਕਬਾਦ ਪੇਸ਼ ਕੀਤੀ ਗਈ। ਇੱਕ ਹੋਰ ਮਤੇ ਰਾਹੀਂ ਕੇਂਦਰ ਸਰਕਾਰ ਵੱਲੋਂ ਭਾਰਤੀ ਸਾਹਿਤ ਅਕਾਦਮੀ ਦੇ ਇਨਾਮ ਸ਼ਰਤਾਂ ਤਹਿਤ ਪ੍ਰਦਾਨ ਕਰਨ ਦੇ ਫੈਸਲੇ ਦੀ ਨਿਖੇਧੀ ਕਰਦਿਆਂ ਮੰਗ ਕੀਤੀ ਗਈ ਕਿ ਸਰਕਾਰ ਲੇਖਕਾਂ ਨੂੰ ਅਪਮਾਨਤ ਕਰਨ ਵਾਲਾ ਇਹ ਫੈਸਲਾ ਤੁਰੰਤ ਵਾਪਸ ਲਵੇ।

ਰਚਨਾਵਾਂ ਦੇ ਦੌਰ ਵਿੱਚ ਸੁਖਦਰਸ਼ਨ ਗਰਗ ਨੇ ਆਪਣੀਆਂ ਨਵੀਆਂ ਰੁਬਾਈਆਂ, ਲੀਲਾ ਸਿੰਘ ਰਾਏ ਨੇ ਦੋ ਗੀਤ, ਰਮੇਸ਼ ਕੁਮਾਰ ਗਰਗ ਨੇ ਵੀ ਆਪਣਾ ਗੀਤ ਪੇਸ਼ ਕੀਤਾ। ਇਕਬਾਲ ਪੀਟੀ ਨੇ ਲੋਕ ਬੋਲੀਆਂ, ਪ੍ਰੋ. ਤਰਸੇਮ ਨਰੂਲਾ ਨੇ ਰੁਬਾਈਆਂ ਤੇ ਗਜ਼ਲਾਂ, ਦਲਜੀਤ ਬੰਗੀ ਨੇ ਇਸ ਸਮੇਂ ਆਪਣਾ ਨਵਾਂ ਗੀਤ ਪੇਸ਼ ਕੀਤਾ। ਇਸ ਉਪਰੰਤ ਮਨਜੀਤ ਸਿੰਘ ਜੀਤ, ਸੁਰਿੰਦਰਪ੍ਰੀਤ ਘਣੀਆਂ ਅਤੇ ਅਮਰ ਸਿੰਘ ਸਿੱਧੂ ਨੇ ਆਪਣੀਆਂ ਨਵੀਆਂ ਗਜ਼ਲਾਂ ਪੇਸ਼ ਕੀਤੀਆਂ। ਡਾ. ਅਜੀਤਪਾਲ ਸਿੰਘ ਨੇ ਇਸ ਸਮੇਂ ਸਿਵਲ ਯੂਨੀਫਾਰਮ ਕੋਡ ਬਾਰੇ ਜਾਣਕਾਰੀ ਦਿੱਤੀ। ਪੜ੍ਹੀਆਂ ਗਈਆਂ ਰਚਨਾਵਾਂ ਦੀ ਪੜਚੋਲ ਅਤੇ ਮੰਚ ਦਾ ਸੰਚਾਲਨ ਡਾ. ਜਸਪਾਲਜੀਤ ਨੇ ਕੀਤਾ। ਅਮਰਜੀਤ ਪੇਂਟਰ ਵੱਲੋਂ ਮੰਚ ਨੂੰ ਸਾਹਿਤਕ ਗਤੀਵਿਧੀਆਂ ਤੇਜ਼ ਕਰਨ ਦਾ ਸੁਝਾਅ ਦਿੱਤਾ ਗਿਆ। ਮੀਟਿੰਗ ਦੇ ਆਖੀਰ ਵਿੱਚ ਡਾ. ਅਜੀਤਪਾਲ ਸਿੰਘ ਨੇ ਹਾਜ਼ਰ ਸਾਹਿਤਕਾਰਾਂ ਦਾ ਧੰਨਵਾਦ ਕੀਤਾ।

—ਸੁਰਿੰਦਰ ਪ੍ਰੀਤ ਘਣੀਆਂ

‘ਨਮਸਕਾਰ’ ਦਾ ਤੀਜਾ ਐਡੀਸ਼ਨ ਲੋਕ ਅਰਪਣ

ਮਾਨਸਾ-ਕਹਾਣੀਕਾਰ ਦਰਸ਼ਨ ਜੋਗਾ ਦੇ ਕਹਾਣੀ ਸੰਗ੍ਰਹਿ ‘ਨਮਸਕਾਰ’ ਦਾ ਤੀਜਾ ਐਡੀਸ਼ਨ ਲੇਖਕ ਪਾਠਕ ਮੰਚ ਮਾਨਸਾ ਵੱਲੋਂ ਕਹਾਣੀਕਾਰ ਜਸਬੀਰ ਢੰਡ ਦੀ ਪ੍ਰਧਾਨਗੀ ’ਚ ਲੋਕ ਅਰਪਣ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸੰਗ੍ਰਹਿ ਦੀਆਂ ਕਹਾਣੀਆਂ ਮਾਨਵੀ ਰਿਸ਼ਤਿਆਂ ਵਿਚਲੀਆਂ ਤੰਦਾਂ, ਸਾਡੇ ਪੇਂਡੂ ਤੇ ਸ਼ਹਿਰੀ ਜੀਵਨ ਦੇ ਯਥਾਰਥ ਦਾ ਖਾਕਾ ਬਿਆਨਦੀਆਂ ਹਨ, ਜੋ ਪਾਠਕ ਨੂੰ ਕੁਝ ਸੋਚਣ ਲਈ ਮਜਬੂਰ ਕਰਦੀਆਂ ਹਨ। ਸ਼ਾਇਰ ਗੁਰਪ੍ਰੀਤ ਨੇ ਕਿਹਾ ਕਿ ਦਰਸ਼ਨ ਜੋਗਾ ਹੋਰੀਂ ਆਪਣੀਆਂ ਕਹਾਣੀਆਂ ਰਾਹੀਂ ਸਾਡੇ ਰਿਸ਼ਤਿਆਂ ’ਚ ਆ ਰਹੇ ਦਿਨੋਂ-ਦਿਨ ਨਿਘਾਰ, ਮਨੁੱਖ ਅੰਦਰ ਵਿਚਰ ਰਹੀਆਂ ਲਾਲਸਾਵਾਂ ਨੂੰ ਉਜਾਗਰ ਕਰ ਜ਼ਿੰਦਗੀ ਪ੍ਰਤੀ ਹਾਂ-ਪੱਖੀ ਰਵੱਈਆ ਇਖਤਿਆਰ ਕਰਨ ਦੀ ਬਾਤ ਪਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਪੁਸਤਕ ਦੇ ਤੀਜੇ ਐਡੀਸ਼ਨ ਦੇ ਛਪਣ ਨਾਲ ਇਸ ਨੂੰ ਹੁਣ ਨਵਾਂ ਪਾਠਕ ਵਰਗ ਵੀ ਮਿਲੇਗਾ। ਕਹਾਣੀਕਾਰ ਅਨੇਮਨ ਸਿੰਘ ਦਾ ਕਹਿਣਾ ਸੀ ਕਿ ਪੁਸਤਕ ਵਿਚਲੀਆਂ ਕਹਾਣੀਆਂ ਰਵਾਇਤੀ ਕਹਾਣੀ ਤੋਂ ਹਟ ਕੇ ਇਕ ਨਵੀਂ ਲੀਹ ਪਾੜਦੀਆਂ ਹਨ, ਜਿਸ ਕਾਰਨ ਇਹ ਪਾਠਕ ਵਰਗ ’ਚ ਮਕਬੂਲ ਹੋ ਚੁੱਕੀਆਂ ਹਨ। ਗਲਪਕਾਰ ਅਮਨ ਮਾਨਸਾ ਨੇ ਕਿਹਾ ਕਿ ਜੋਗਾ ਹੁਰਾਂ ਦੀਆਂ ਕਹਾਣੀਆਂ ’ਚੋਂ ਮਲਵਈ ਭਾਸ਼ਾ ਦੇ ਕੀਮਤੀ ਸ਼ਬਦ ਪੜ੍ਹਨ ਨੂੰ ਮਿਲਦੇ ਹਨ, ਜੋ ਸਾਡੇ ਜੀਵਨ ’ਚੋਂ ਦਿਨੋਂ-ਦਿਨ ਮਨਫੀ ਹੁੰਦੇ ਜਾ ਰਹੇ ਹਨ। ਅੰਤ ’ਚ ਦਰਸ਼ਨ ਜੋਗਾ ਹੁਰਾਂ ਸਾਰੇ ਲੇਖਕਾਂ ਦਾ ਧੰਨਵਾਦ ਕੀਤਾ।

ਭਾਸ਼ਾ ਵਿਭਾਗ ਵੱਲੋਂ ਗੁਰਮੀਤ ਕੜਿਆਲਵੀ ਨਾਲ ਰੂ-ਬ-ਰੂ

ਮੋਗਾ-ਦਫਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਮੋਗਾ ਵੱਲੋਂ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਚੜਿੱਕ (ਮੋਗਾ) ਵਿਖੇ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ ਪ੍ਰਸਿੱਧ ਕਹਾਣੀਕਾਰ ਗੁਰਮੀਤ ਕੜਿਆਲਵੀ (ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ, ਫਰੀਦਕੋਟ) ਨਾਲ ਆਯੋਜਿਤ ਰੂ-ਬ-ਰੂ ਸਮਾਗਮ ਉਸ ਸਮੇਂ ਯਾਦਗਾਰੀ ਹੋ ਨਿਬੜਿਆ, ਜਦੋਂ ਉਨ੍ਹਾਂ ਦੁਆਰਾ ਵਿਦਿਆਰਥੀਆਂ ਦੇ ਪੱਧਰ ’ਤੇ ਆ ਕੇ ਸਾਂਝੇ ਕੀਤੇ ਸੂਖਮ ਅਹਿਸਾਸਾਂ ਤੋਂ ਪ੍ਰਭਾਵਿਤ ਹੋਏ ਵਿਦਿਆਰਥੀਆਂ ਦੀਆਂ ਤਾੜੀਆਂ ਨਾਲ ਸਕੂਲ ਦਾ ਹਾਲ ਦੇਰ ਤੱਕ ਗੂੰਜਦਾ ਰਿਹਾ। ਸਮਾਗਮ ਦੀ ਪ੍ਰਧਾਨਗੀ ਸੰਸਥਾ ਦੇ ਮੁਖੀ ਪ੍ਰਿੰਸੀਪਲ ਸ੍ਰੀ ਸੋਹਨ ਲਾਲ ਦੁਆਰਾ ਕੀਤੀ ਗਈ। ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਅਜੀਤਪਾਲ ਸਿੰਘ ਨੇ ਸਭ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਸਾਡੇ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਸਮਾਜ ਵਿੱਚ ਹਾਸ਼ੀਏ ’ਤੇ ਧੱਕੇ ਦੱਬੇ-ਕੁਚਲੇ ਵਰਗ ਦੇ ਲੋਕਾਂ ਦੀ ਬਾਤ ਪਾਉਣ ਵਾਲਾ ਪ੍ਰਸਿੱਧ ਕਹਾਣੀਕਾਰ ਗੁਰਮੀਤ ਕੜਿਆਲਵੀ ਸਾਡੇ ਇਲਾਕੇ ਦਾ ਵਸਨੀਕ ਹੈ ਅਤੇ ਪੰਜਾਬੀ ਸਾਹਿਤ ਜਗਤ ਵਿੱਚ ਆਪਣੀ ਬੇਹੱਦ ਸੰਵੇਦਨਸ਼ੀਲ ਰਚਨਾਕਾਰੀ ਨਾਲ ਨਵੀਆਂ ਲੀਹਾਂ ਸਿਰਜ ਰਿਹਾ ਹੈ। ਮੰਚ ਦਾ ਸੰਚਾਲਨ ਕਰ ਰਹੇ ਜਤਿੰਦਰ ਸਿੰਘ ਲੈਕਚਰਾਰ ਪੰਜਾਬੀ ਨੇ ਗੁਰਮੀਤ ਕੜਿਆਲਵੀ ਦੀਆਂ ਰਚਨਾਵਾਂ ਅਤੇ ਸਾਹਿਤਕ ਪ੍ਰਾਪਤੀਆਂ ਉੱਪਰ ਚਾਨਣਾ ਪਾਉਂਦਿਆਂ ਜਾਣਕਾਰੀ ਸਾਂਝੀ ਕੀਤੀ ਕਿ ਬਾਲ ਸਾਹਿਤ ਦੇ ਖੇਤਰ ਵਿੱਚ ਇਸ ਵਾਰ ਦਾ ਵੱਕਾਰੀ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਗੁਰਮੀਤ ਕੜਿਆਲਵੀ ਦੀ ਪੁਸਤਕ ‘ਸੱਚੀ ਦੀ ਕਹਾਣੀ’ ਲਈ ਘੋਸ਼ਿਤ ਕੀਤਾ ਗਿਆ ਹੈ। ਰੂ-ਬ-ਰੂ ਦੌਰਾਨ ਗੁਰਮੀਤ ਕੜਿਆਲਵੀ ਨੇ ਆਪਣੇ ਘਰ ਪੈਦਾ ਹੋਈਆਂ ਦੋ ਧੀਆਂ ਦੇ ਜਨਮ ਸਮੇਂ ਉਨ੍ਹਾਂ ਦੇ ਪਰਵਾਰ ਵੱਲੋਂ ਮਨਾਏ ਜਸ਼ਨਾਂ ਦੀਆਂ ਯਾਦਾਂ ਤਾਜ਼ਾ ਕਰਦਿਆਂ ਆਪਣੇ ਸਾਹਿਤਕ ਸਫ਼ਰ ਦੀ ਸ਼ੁਰੂਆਤ ਤੋਂ ਲੈ ਕੇ ਵੱਖ-ਵੱਖ ਪੜਾਵਾਂ ਦੌਰਾਨ ਹਾਸਲ ਹੋਏ ਮਿੱਠੇ-ਕੌੜੇ ਅਨੁਭਵਾਂ ਬਾਰੇ ਆਪਣੇ ਅਹਿਸਾਸ ਸਾਂਝੇ ਕੀਤੇ। ਗਰੀਬ ਪਰਵਾਰਾਂ ਵਿੱਚੋਂ ਉੱਠ ਕੇ ਕਾਮਯਾਬ ਹੋਈਆਂ ਧੀਆਂ ਦੀ ਉਦਾਹਰਨ ਦਿੰਦਿਆਂ ਉਨ੍ਹਾਂ ਕਿਹਾ ਕਿ ਗਰੀਬੀ ਕਦੇ ਵੀ ਜੀਵਨ ਦੀ ਕਾਮਯਾਬੀ ਦੇ ਰਸਤੇ ਵਿੱਚ ਰੁਕਾਵਟ ਪੈਦਾ ਹੋਣ ਦਾ ਕਾਰਨ ਨਹੀਂ ਬਣ ਸਕਦੀ। ਸਵਾਲਾਂ-ਜਵਾਬਾਂ ਦੇ ਸਿਲਸਿਲੇ ਦੌਰਾਨ ਉਨ੍ਹਾਂ ਵੱਲੋਂ ਵਿਦਿਆਰਥਣਾਂ ਨੂੰ ਪ੍ਰੇਰਨਾ ਅਤੇ ਨਸੀਹਤ ਦਿੰਦਿਆਂ ਜ਼ੋਰ ਦੇ ਕੇ ਕਿਹਾ ਗਿਆ ਕਿ ਸਵਾਲ ਉਠਾਉਣਾ ਅਤੇ ਸਵਾਲਾਂ ਦੇ ਜਵਾਬ ਢੂੰਡਣ ਲਈ ਯਤਨਸ਼ੀਲ ਰਹਿਣਾ ਹੀ ਜੀਵਨ ਦੀ ਤਰੱਕੀ ਦਾ ਮੂਲ ਮੰਤਰ ਹੈ। ਸਮਾਗਮ ਦੌਰਾਨ ਸਕੂਲ ਦੀ ਵਿਦਿਆਰਥਣ ਹਰਮਨਦੀਪ ਕੌਰ ਅਤੇ ਸਾਥਣਾਂ ਵੱਲੋਂ ਮਾਤ ਭਾਸ਼ਾ ਪੰਜਾਬੀ ਨੂੰ ਸਮਰਪਿਤ ਕੋਰੀਓਗ੍ਰਾਫੀ ਪੇਸ਼ ਕੀਤੀ ਗਈ। ਅਖੀਰ ਵਿੱਚ ਪ੍ਰਿੰਸੀਪਲ ਸ੍ਰੀ ਸੋਹਨ ਲਾਲ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਹਿਤ ਸਾਨੂੰ ਜ਼ਿੰਦਗੀ ਦੀਆਂ ਗੁੰਝਲਦਾਰ ਪਰਤਾਂ ਨੂੰ ਸਮਝਣ ਦੀ ਸੂਝ ਪ੍ਰਦਾਨ ਕਰਦਾ ਹੈ। ਰਸਮੀ ਪਾਠਕ੍ਰਮ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਹੋਰ ਸਾਹਿਤਕ ਪੁਸਤਕਾਂ ਜ਼ਰੂਰ ਪੜ੍ਹਨੀਆਂ ਚਾਹੀਦੀਆਂ ਹਨ। ਇਸ ਮੌਕੇ ਲੈਕਚਰਾਰ ਗੁਰਜੀਤ ਕੌਰ, ਲੈਕਚਰਾਰ ਨਵਜੀਤ ਕੌਰ, ਲੈਕਚਰਾਰ ਕੁਲਜੀਤ ਸਿੰਘ, ਲੈਕਚਰਾਰ ਵਿਕਰਮਜੀਤ ਸਿੰਘ, ਲੈਕਚਰਾਰ ਰੂਬੀ ਰਾਣੀ, ਲੈਕਚਰਾਰ ਅੰਬਿਕਾ ਸ਼ਰਮਾ, ਲੈਕਚਰਾਰ ਜਗਦੇਵ ਸਿੰਘ, ਡੀ.ਪੀ.ਆਈ. ਹਰਪ੍ਰੀਤ ਸਿੰਘ, ਮਿਸਟ੍ਰੈੱਸ ਹਰਜੀਤ ਕੌਰ, ਮਿਸਟ੍ਰੈੱਸ ਲਖਵਿੰਦਰ ਕੌਰ, ਮਿਸਟ੍ਰੈੱਸ ਹਰਪ੍ਰੀਤ ਕੌਰ, ਮਿਸਟ੍ਰੈੱਸ ਖੁਸ਼ਵਿੰਦਰ ਕੌਰ, ਮਿਸਟ੍ਰੈੱਸ ਸੁਨੀਤਾ ਰਾਣੀ, ਮਾਸਟਰ ਮੇਜਰ ਸਿੰਘ, ਭਾਸ਼ਾ ਵਿਭਾਗ ਦੇ ਕਰਮਚਾਰੀ ਨਵਦੀਪ ਸਿੰਘ ਅਤੇ ਸਾਹਿਲ ਹਾਜ਼ਰ ਸਨ।

2023 ਦਾ ਭਾਈ ਘਨੱਈਆ ਸਨਮਾਨ ਦਮਜੀਤ ਦਰਸ਼ਨ ਨੂੰ

ਬਰਨਾਲਾ : ਕੌਮਾਂਤਰੀ ਕਲਾਕਾਰ ਸੰਗਮ (ਰਜਿ.) ਬਰਨਾਲਾ ਦੀ ਇਕ ਵਿਸ਼ੇਸ਼ ਇਕੱਤਰਤਾ ਸੰਗਮ ਦੇ ਚੇਅਰਮੈਨ ਕਹਾਣੀਕਾਰ ਪਰਮਜੀਤ ਮਾਨ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਸਰਵਸੰਮਤੀ ਨਾਲ ਸਾਲ 2023 ਦਾ ਭਾਈ ਘਨੱਈਆ ਨਿਸ਼ਕਾਮ ਸੇਵਾ ਸਨਮਾਨ ਪੰਜਾਬੀ ਦੇ ਸ਼ਾਇਰ ਦਮਜੀਤ ਦਰਸ਼ਨ (ਬਠਿੰਡਾ) ਨੂੰ ਪ੍ਰਦਾਨ ਕਰਨ ਦਾ ਫ਼ੈਸਲਾ ਕੀਤਾ ਗਿਆ। ਦਮਜੀਤ ਦਰਸ਼ਨ ਦੇ ਹੁਣ ਤੱਕ ਦੋ ਮੌਲਿਕ ਕਾਵਿ-ਸੰਗ੍ਰਹਿ ‘ਬਿਰਖ਼ ਬਲਦਾ ਰਿਹਾ’ ਤੇ ‘ਬਨਵਾਸ’, ਤਿੰਨ ਪੁਸਤਕਾਂ ਕਾਵਿ-ਚਿੱਤਰ ਤੇ ਲੇਖ ਸੰਗ੍ਰਹਿਆਂ ਦੀਆਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਉਸ ਦੀਆਂ ਰਚਨਾਵਾਂ ਪੰਜਾਬੀ ਦੇ ਪ੍ਰਮੁੱਖ ਰਸਾਲਿਆਂ-ਅਕਸ, ਲੋਅ, ਕਲਾਕਾਰ, ਏਕਮ ਆਦਿ ਵਿਚ ਲਗਾਤਾਰ ਛਪ ਰਹੀਆਂ ਹਨ। ਦੋ ਪੁਸਤਕਾਂ ਛਪਣ ਹਿੱਤ ਤਿਆਰ ਹਨ ਤੇ ਦਮਜੀਤ ਪੰਜਾਬ ਦੀਆਂ ਪ੍ਰਮੁੱਖ ਸਾਹਿਤਕ ਜਥੇਬੰਦੀਆਂ ਦਾ ਆਹੁਦੇਦਾਰ ਵੀ ਹੈ। ਇਸ ਤੋਂ ਪਹਿਲਾਂ ਕਲਾਕਾਰ ਸੰਗਮ ਇਹ ਸਨਮਾਨ ਡਾ. ਹਰਬੰਸ ਸਿੰਘ ਧੀਮਾਨ, ਡਾ. ਸੁਰਜੀਤ ਖੁਰਮਾ, ਡਾ. ਭੂਪਿੰਦਰ ਕੌਰ, ਡਾ. ਜੋਗਿੰਦਰ ਸਿੰਘ ਨਿਰਾਲਾ, ਜਸਪਾਲ ਮਾਨਖੇੜਾ, ਡਾ. ਰਵਿੰਦਰ ਸੰਧੂ, ਡਾ. ਕਰਮਜੀਤ ਨਡਾਲਾ, ਡਾ. ਅਮਨਦੀਪ ਟੱਲੇਵਾਲੀਆ ਆਦਿ ਲੇਖਕਾਂ ਨੂੰ ਪਿਛਲੇ 16 ਸਾਲਾਂ ਦੌਰਾਨ ਪ੍ਰਦਾਨ ਕਰ ਚੁੱਕਾ ਹੈ। ਇਹ ਸਤਾਰ੍ਹਵਾਂ ਭਾਈ ਘਨੱਈਆ ਨਿਸ਼ਕਾਮ ਸੇਵਾ ਸਨਮਾਨ ਸ਼ਾਇਰ ਦਮਜੀਤ ਦਰਸ਼ਨ ਨੂੰ ਕੌਮਾਂਤਰੀ ਕਲਾਕਾਰ ਸੰਗਮ (ਰਜਿ.) ਵੱਲੋਂ ਆਪਣੇ ਹਰ ਸਾਲ ਕਰਵਾਏ ਜਾਂਦੇ ਸਾਲਾਨਾ ਸਮਾਗਮ ਵਿਚ ਪ੍ਰਦਾਨ ਕੀਤਾ ਜਾਵੇਗਾ। **—ਕੰਵਰਜੀਤ**

‘ਨੂਰੀ’ ਦਾ ਦੂਜਾ ਐਡੀਸ਼ਨ ਲੋਕ ਅਰਪਣ

ਮਾਨਸਾ-ਚਰਚਿਤ ਕਹਾਣੀਕਾਰ ਅਨੇਮਨ ਸਿੰਘ ਦੇ ਕਹਾਣੀ ਸੰਗ੍ਰਹਿ ‘ਨੂਰੀ’ ਦਾ ਦੂਜਾ ਐਡੀਸ਼ਨ ਲੇਖਕ ਪਾਠਕ ਮੰਚ ਮਾਨਸਾ ਵੱਲੋਂ ਕਹਾਣੀਕਾਰ ਦਰਸ਼ਨ ਜੋਗਾ ਦੀ ਪ੍ਰਧਾਨਗੀ ’ਚ ਲੋਕ ਅਰਪਣ ਕੀਤਾ ਗਿਆ। ਉਨ੍ਹਾਂ ਕਿਹਾ ਕਿ ਅਨੇਮਨ ਦੇ ਇਸ ਸੰਗ੍

ਪ੍ਰਤੀਨਿਧ ਕਾਵਿ ਵੰਨਗੀਆਂ

ਕਰਾਮਾਤ

ਪੁੱਛਦੇ ਨੇ ਸਾਰੇ
ਕਿੱਥੇ ਹੈ ਰੱਬ
ਕਿਸੇ ਨੇ ਦੇਖਿਆ ਕਦੀ ?

ਹਾਂ !
ਮੈਂ ਵੇਖਿਆ
ਗਲ ਤੱਕ ਪਾਣੀ ਵਿੱਚ
ਪ੍ਰਸਾਦਾ ਵਰਤਾਉਂਦਾ

ਟਰੈਕਟਰ ਟਰਾਲੀਆਂ ਲੈ
ਸ਼ਹਿਰਾਂ ਦੀਆਂ ਗਲੀਆਂ
ਪਾਣੀ ਵੰਡਣ ਲਈ
ਗਾਹੁੰਦਾ

ਦੁੱਧ ਮੂੰਹੇ ਬੱਚਿਆਂ ਲਈ
ਕਈ ਕਈ ਫੁੱਟ ਪਾਣੀ ਵਿੱਚ
ਘਰੋਂ ਘਰੀਂ
ਦੁੱਧ ਪਹੁੰਚਾਉਂਦਾ

ਇੰਜਣ ਨੂੰ ਟਰੈਕਟਰ ਨਾਲ
ਜੋੜ
ਭਾਈ ਘਨ੍ਹੈਈਆ ਦਾ ਰੂਪ
ਧਾਰ
ਪਾਣੀ ਦੀਆਂ ਟੈਂਕੀਆਂ
ਭਰਵਾਉਂਦਾ

ਬੱਚੇ ਬਜ਼ੁਰਗ ਤੇ ਬੀਬੀਆਂ ਨੂੰ
ਮੋਢਿਆਂ 'ਤੇ ਚੁੱਕ
ਸੁਰੱਖਿਅਤ ਥਾਂ ਪਹੁੰਚਾਉਂਦਾ

ਕਿਸਾਨ ਜੋ ਖੜ੍ਹੀ ਫਸਲ ਵਾਹ
ਆਪਣੇ ਵੀਰਾਂ ਲਈ
ਪਨੀਰੀ ਬੀਜਦਾ

ਧੁੱਸੀ ਬੰਨ੍ਹ ਦੇ 300 ਫੁੱਟ ਲੰਬੇ
ਪਾੜ ਨੂੰ
ਵਾਹਿਗੁਰੂ ਵਾਹਿਗੁਰੂ ਦਾ ਜਾਪੁ
ਕਰਦਿਆਂ
ਪੰਜ ਦਿਨਾਂ ਵਿੱਚ ਪੂਰ
ਜੈ ਜੈਕਾਰ ਕਰਵਾਉਂਦਾ

ਬੀਬੀਆਂ ਭੈਣਾਂ ਨੂੰ ਬਲ
ਬਖਸ਼
ਹਾਲੋ ਬੇਹਾਲ ਖਲਕਤ ਲਈ
ਲੰਗਰ ਪਕਵਾਉਂਦਾ

ਹਰ ਤਰ੍ਹਾਂ ਦੇ ਫਰਕ ਨੂੰ ਮਿਟਾ
ਮਨੁੱਖ ਨੂੰ ਫਿਰ ਮਨੁੱਖ ਬਣਾ
ਸਰਬੱਤ ਦਾ ਭਲਾ
ਕਰਵਾਉਂਦਾ

ਕਰਾਮਾਤ ਹੀ ਤਾਂ ਹੈ !
ਕਲਾ ਵਰਤਾਉਂਦਾ !!

— ਹਰਪ੍ਰੀਤ ਕੌਰ ਸੰਧੂ

ਧੀਆਂ ਧੁਰ ਤੋਂ ਲੜਦੀਆਂ

ਉਹ ਲੜਦੀਆਂ ਧੀਆਂ ਧੁਰ ਤੋਂ ਲੜਦੀਆਂ
ਉਹ ਜੰਮਣ ਤੋਂ ਪਹਿਲਾਂ ਵੀ ਡਰਦੀਆਂ
ਤੇ ਜੰਮ ਕੇ ਵੀ ਡਰਦੀਆਂ
ਅਜੇ ਉਹਨਾਂ ਡਰਨਾ ਹੈ ਸ਼ਾਇਦ ਬਹੁਤ ਦੇਰ ਡਰਨਾ ਹੈ
ਪਰ ਉਹਨਾਂ ਅਜੇ ਲੜਨਾ ਹੈ ਬਹੁਤ ਦੇਰ ਲੜਨਾ ਹੈ

ਅਸਮਾਨ 'ਤੇ ਉੱਡ ਰਹੇ, ਹੋਰ ਗ੍ਰਹਿਆਂ ਵੱਲ ਉੱਡ ਰਹੇ
ਅਸੀਂ ਸੋਚ ਚਿੱਕੜ ਵਿੱਚ ਹੀ ਸੁੱਟੀ ਹੋਈ ਹੈ
ਸਾਡੇ ਅੰਦਰ ਅਜੇ ਪਸ਼ੂਪਣ ਮਰਿਆ ਨਹੀਂ ਹੈ
ਤੁਸੀਂ, ਧੀਆਂ ਭੈਣਾਂ ਦੋਸਤਾਂ ਨਾਲੋਂ ਵੱਧ ਮਾਦਾ ਹੀ ਹੋ
ਅਸੀਂ ਤੁਹਾਨੂੰ ਵੇਖਦੇ ਹੀ ਉਤੇਜਿਤ ਹੁੰਦੇ
ਤੁਹਾਡੇ ਤਮਗਿਆਂ ਨਾਲ ਢਕੇ ਹੋਏ ਸੀਨਿਆਂ ਪਿੱਛੇ ਵੀ
ਸਾਡੀ ਨਜ਼ਰ ਤੁਹਾਡੇ ਸੀਰਾਂ ਦੇ ਮਾਸ ਨੂੰ ਹੀ ਵੇਖਦੀ ਹੈ

ਥਾਂ-ਥਾਂ 'ਤੇ ਯੁੱਧ ਦਾ ਮੈਦਾਨ ਹੈ ਤੁਹਾਡੇ ਸਾਹਵੇਂ
ਮੱਥਿਆਂ 'ਚ ਲਿਖੇ ਨੂੰ ਨਾ ਕੋਸੋ ਅਜੇ ਵੀ
ਮੱਥਿਆਂ 'ਚ ਯੁੱਧ ਲਿਖੇ ਨੇ ਤੁਸੀਂ ਮੱਥਾ ਲਾਵੋ
ਹਰ ਰਿਸ਼ਤੇ 'ਚ ਅਸੀਂ ਨਰ ਬਣ ਛਿਪੇ ਹੋਏ
ਤੁਸੀਂ ਸਾਡੇ ਚਿਹਰੇ ਨਹੁੰਆਂ ਨਾਲ ਖਰੋਚ ਕੇ ਤਾਂ ਦੇਖੋ
ਸਾਡੇ ਹੱਥ ਨਹੀਂ ਨਹੁੰਦਰਾਂ ਨੇ
ਤੁਸੀਂ ਰਿਸ਼ਤਿਆਂ ਦੀ ਧੁੰਧ ਤੋਂ ਪਰਾਂ ਹੋ ਕੇ ਤਾਂ ਦੇਖੋ

ਤੁਸੀਂ ਆਪਣੀ ਕੁੱਖ 'ਚ ਰੱਖ ਕੇ ਵੀ
ਸਾਨੂੰ ਪਹਿਚਾਣਦੀਆਂ ਕਿਉਂ ਨਹੀਂ
ਅਸੀਂ ਜਿਹਨਾਂ ਨੇ ਅਪੰਗ ਸੋਚ ਨਾਲ ਜੰਮਣਾ ਹੈ
ਸਾਨੂੰ ਅਜਿਹਿਆਂ ਨੂੰ ਹੋਰ ਜੰਮਣ ਤੋਂ ਮੁਨਕਰ ਹੋ ਜਾਵੋ
ਤੁਸੀਂ ਨਾ ਮਰੋ ਕੁੱਖ ਵਿੱਚ, ਹੁਣ ਸਾਨੂੰ ਮਾਰੋ

ਤੁਸੀਂ ਲੜੋ, ਲੜੋ ਤੁਸੀਂ, ਅਜੇ ਤੁਸੀਂ ਲੜਨਾ ਹੈ
ਡਰ ਕੇ ਵੀ ਕੁਝ ਨਹੀਂ ਸੰਵਰਿਆ
ਆਖਿਰ ਲੜ ਕੇ ਸੰਵਰਨਾ ਹੈ
ਤੇ ਧਰਤ ਉੱਤੇ ਧਰਤ ਦੀਆਂ ਧੀਆਂ ਹੋ ਜਿਉਣਾ ਹੈ

—ਅਮਰਜੀਤ ਸਿੰਘ ਅਮਨੀਤ

ਕਰਜ਼ਦਾਰ

ਮੈਂ ਦੇਖਦਾਂ ਕਿ
ਧਰਤੀ ਦੀ ਹਿੱਕ ਉੱਤੇ
ਖੜਾ ਇੱਕ ਦਰੱਖਤ
ਬੜਾ ਮਜ਼ਬੂਤ ਹੈ
ਸਭ ਕੁਝ ਸੂਤ ਹੈ
ਉਹ ਵਧਦਾ-ਫੁੱਲਦਾ
ਹਵਾ ਵਿੱਚ ਝੂਮਦਾ
ਲੋਕਾਂ ਦੇ ਕੰਮ ਆਉਂਦਾ
ਤੇ ਹੋਰ ਨਵੇਂ ਬੂਟੇ ਉਗਾਉਂਦਾ
ਮੀਂਹ ਦੇ ਛਰਾਟੇ ਤੇ ਹਵਾ ਦੇ ਬੁੱਲੇ
ਉਸ ਦਾ ਕੁਝ ਨਾ ਵਿਗਾੜ ਸਕਦੇ

ਪਰ ਜਦ ਕਦੇ ਤੂਫਾਨ ਅਤੇ ਝੱਖੜ
ਉਸ ਨੂੰ ਮੂਧੇ ਮੂੰਹ ਸੁੱਟਦੇ
ਤੇ ਮਜ਼ਬੂਤ ਜੜ੍ਹਾਂ ਧਰਤੀ 'ਚੋਂ ਪੁੱਟਦੇ
ਤਾਂ ਫਿਰ ਉਦੋਂ ਕੋਈ ਬੰਦਾ ਮਹਾਨ
ਭਲਾ ਇਨਸਾਨ
ਉਸ ਕੋਲ ਆਉਂਦਾ
ਬੱਲੀਆਂ ਤੇ ਰੱਸਿਆਂ ਨਾਲ
ਉਸ ਨੂੰ ਉਠਾਉਂਦਾ
ਜੜ੍ਹਾਂ ਤੇ ਮਿੱਟੀ ਪਾਉਂਦਾ
ਉਸ ਨੂੰ ਖੜਾ ਕਰਦਾ
ਤੇ ਕੁਝ ਵਕਤ ਪਿੱਛੋਂ
ਉਹ ਦਰੱਖਤ ਫਿਰ ਤੋਂ
ਹਵਾ ਵਿੱਚ ਲਹਿਰਾਉਂਦਾ
ਤੇ ਕੁਦਰਤ ਦੀ ਗੋਦ ਵਿੱਚ
ਫਿਰ ਤੋਂ ਮੁੜ ਆਉਂਦਾ

ਤੇ ਜਦ ਕਦੇ ਮਨੁੱਖ ਵੀ
ਉਸ ਦਰੱਖਤ ਵਾਂਗ
ਬਿਮਾਰੀ ਦਾ ਝੰਬਿਆ
ਬਿਸਤਰ 'ਤੇ ਡਿੱਗਦਾ
ਤਾਂ ਫਿਰ ਕੋਈ ਡਾਕਟਰ
ਉਸ ਭਲੇ ਮਨੁੱਖ ਵਾਂਗ
ਉਸ ਨੂੰ ਬੁਲਾਉਂਦਾ
ਆਪਣੀ ਲਿਆਕਤ ਨਾਲ
ਇਲਾਜ ਕਰਦਾ
ਤੇ ਉਸ ਦੀ ਜ਼ਿੰਦਗੀ ਨੂੰ
ਫਿਰ ਤੋਂ ਲੀਹ 'ਤੇ ਪਾਉਂਦਾ

ਜ਼ਿੰਦਗੀ ਜਦ ਲੀਹ 'ਤੇ ਪੈਂਦੀ ਹੈ
ਤਾਂ ਮਨੁੱਖ ਸੰਸਾਰ ਘੁੰਮਦਾ ਵੀ
ਰਹਿੰਦਾ ਏ ਹਮੇਸ਼ਾ
ਡਾਕਟਰ ਦਾ ਕਰਜ਼ਦਾਰ
ਤੇ ਜ਼ਿੰਦਗੀ ਭਰ ਹੁੰਦੈ "ਲੰਗੇਰੀ"
ਉਸ ਦਾ ਸ਼ੁਕਰਗੁਜ਼ਾਰ

— ਅਵਤਾਰ ਲੰਗੇਰੀ

'ਕੁਰਸੀਆਂ'

ਕੁਰਸੀਆਂ
ਆਮ ਤੌਰ 'ਤੇ
ਦੋ ਤਰ੍ਹਾਂ ਦੀਆਂ ਹੁੰਦੀਆਂ ਨੇ

ਇੱਕ ਮੇਜ਼ ਦੇ ਉਸ ਪਾਸੇ
ਇਕੱਲੀ
ਘੁਮੰਡ ਸਹਾਰੇ ਤਣੀ ਹੋਈ
ਭਰਪੂਰ ਕੱਦ ਕਾਠੀ ਵਾਲੀ

ਆਮ ਤੌਰ 'ਤੇ
ਇੱਕ ਸਫੇਦ ਤੌਲੀਏ ਨਾਲ
ਢਕੀ ਹੋਈ
ਪਹੀਆਂ 'ਤੇ ਮਚਲਦੀ
ਫਰਸ਼ 'ਤੇ ਫਿਸਲਦੀ

ਮਜ਼ਬੂਤ ਹੱਥਾਂ ਵਾਲੀ
ਕੂਲੇ ਮੁਲਾਇਮ ਚਮੜੇ ਨਾਲ ਮੜ੍ਹੀ
ਚਮਕਦਾਰ, ਸ਼ਾਨਦਾਰ
ਪੋਲੀਆਂ ਗੱਦੀਆਂ ਵਾਲੀ

ਆਪਣੇ ਨਿਆਰੇਪਣ 'ਚ ਚੂਰ
ਬੇਸ਼ਕੀਮਤੀ ਤੇ
ਤਾਕਤਵਰ

ਦੂਜੀ
ਮੇਜ਼ ਦੇ ਇਸ ਪਾਸੇ

ਬੌਣੀ
ਜ਼ਮੀਨ 'ਚ ਗੱਡੀ ਹੋਈ
ਬਾਅਦਬ ਬਾ-ਮੁਲਾਹਿਜ਼ਾ
ਅਨੁਸ਼ਾਸਿਤ ਲਾਇਨ 'ਚ

ਇੱਕ ਪਿੱਛੇ ਇੱਕ ਲੱਗੀ ਹੋਈ
ਵਫਾਦਾਰ, ਆਗਿਆਕਾਰੀ
ਝੁਕੇ ਹੋਏ ਹੱਥਾਂ ਵਾਲੀ
ਜਾਂ ਕਿਸੇ ਸਮੇਂ
ਬਿਨਾਂ ਹੱਥਾਂ ਵਾਲੀ

ਜਿਸ ਦੇ ਹਿੱਲਣ
ਜਾਂ ਖਿਸਕਣ ਦੀ
ਆਵਾਜ਼ ਤੱਕ ਨਹੀਂ ਹੁੰਦੀ

ਜੋ ਕਦੇ ਵੀ ਨਹੀਂ ਛੱਡਦੀ
ਆਪਣੀ ਤੈਅਸ਼ੁਦਾ ਜਗ੍ਹਾ

ਗੱਦੀਆਂ ਇਹਨਾਂ 'ਤੇ ਵੀ ਹੁੰਦੀਆਂ ਨੇ
ਪਰ ਅਦਬ ਦੇ ਭਾਰ ਹੇਠ
ਦੱਬੀਆਂ-ਦੱਬੀਆਂ ਰਹਿੰਦੀਆਂ ਨੇ

ਇਹ ਬੇਪਰਦਾ ਕੁਰਸੀਆਂ
ਆਪਣੀ ਚਮੜੀ
ਦੇ ਚੁੱਕੀਆਂ ਹੁੰਦੀਆਂ ਹਨ
ਦੂਜੇ ਪਾਸੇ ਵਾਲੀ ਕੁਰਸੀ ਨੂੰ

ਇਸ ਲਈ ਨੰਗੀਆਂ ਹੁੰਦੀਆਂ ਨੇ
ਤੇ ਆਪਣੇ ਨੰਗੇਪਣ ਦੇ
ਅਹਿਸਾਸ ਨਾਲ ਸ਼ਰਮਿੰਦਾ
ਆਪਣੇ ਆਪ 'ਚ ਹੀ
ਸੁੰਗੜਦੀਆਂ ਜਾਂਦੀਆਂ ਨੇ

ਦੂਜੇ ਪਾਸੇ ਦੀ ਕੁਰਸੀ
ਜੋ ਵੀ ਕਹੇ
ਜੋ ਵੀ ਕਰੇ

ਇਸ ਪਾਸੇ ਦੀਆਂ ਕੁਰਸੀਆਂ
ਸਿਰਫ ਸਮਰਥਨ 'ਚ
ਸਿਰ ਹਿਲਾਉਂਦੀਆਂ ਨੇ

ਵੈਸੇ ਇਸ ਪਾਸੇ ਵਾਲੀਆਂ ਕੁਰਸੀਆਂ ਦੇ
ਅਕਸਰ ਸਿਰ ਨਹੀਂ ਹੁੰਦੇ.....

- ਹੂਬਨਾਥ ਪਾਂਡੇ
ਅਨੁਵਾਦ : ਲਖਵੀਰ ਸਿੰਘ

ਗਜ਼ਲ

ਜੇ ਨਾ ਰੁੱਖਾਂ ਕੋਲੋਂ ਮਿਲਦੀ ਹੱਲਾਸ਼ੇਰੀ।
ਫੇਰ ਹਵਾ ਨਾ ਬਣ ਸਕਣੀ ਸੀ ਪਾਗਲ ਨੇਰ੍ਹੀ।

ਜੁਗਨੂੰ ਬਣ ਕੇ ਰੁਸ਼ਨਾਵਾਂਗਾ ਤੇਰੇ ਰਸਤੇ,
ਜੇਕਰ ਰਾਹਾਂ ਦੇ ਵਿੱਚ ਹੋਈ ਰਾਤ ਹਨੇਰੀ।

ਛਾਂਗੇ ਰੁੱਖ ਦੁਬਾਰਾ ਹੋਣ ਹਰੇ ਲੱਗੇ ਨੇ,
ਹੁਣ ਨਾ ਧੁੱਪਾਂ ਕੋਲੋਂ ਡਰ ਕੇ ਢਾਵੀਂ ਢੇਰੀ।

ਸਹਿਮੇ ਕਾਤਿਲ ਵੇਖ ਰਹੇ ਹਨ ਸਾਡੇ ਚਿਹਰੇ,
ਮਕਤਲ ਹਨ ਸ਼ਰਮਿੰਦੇ ਸਾਡੀ ਵੇਖ ਦਲੇਰੀ।

ਐਵੇਂ ਕਿਉਂ ਤੂੰ ਪੁੱਛੀਂ ਜਾਵੇ ਮੇਰੇ ਵਾਰੇ,
ਤੇਰੇ ਕੋਲੋਂ ਸੁਣ ਨਹੀਂ ਹੋਣੀ ਗਾਥਾ ਮੇਰੀ।

ਇਕ ਬਾਗੀ ਨੂੰ ਘੇਰਨ ਫੌਜੀ ਘੱਲੇ ਸਨ ਜੋ,
ਬਾਗੀ ਹੋ ਗਏ ਫੌਜੀ ਦੇਖ ਕੇ ਬਸਤੀ ਮੇਰੀ।

'ਤਨਵੀਰ' ਕਦੋਂ ਮਰ ਸਕਦੇ ਹਨ ਸੂਹੇ ਸੁਪਨੇ,
ਸੁਪਨਾ ਹਾਂ ਮੈਂ ਮਿਟ ਨਾ ਸਕਦੀ ਹਸਤੀ ਮੇਰੀ।

- ਅਜੈ ਤਨਵੀਰ

ਬੱਦਲਾ ਵੇ ਬੱਦਲਾ

ਬੱਦਲਾ ਵੇ ਬੱਦਲਾ,
ਤੂੰ ਕਿੱਥੇ ਜਾ ਕੇ ਵਰ੍ਹਿਆ
ਕੱਚੀ ਸੀ, ਕੁੱਲੀ ਜਿੱਥੇ
ਕੰਧਾਂ ਵੀ, ਤਰੇੜੀਆਂ
ਸਿੱਲੀਆਂ ਜਿਹੀਆਂ, ਰੀਝਾਂ
ਜੋ ਨਾ ਹੋਣ ਕਦੇ ਪੂਰੀਆਂ
ਚੁੱਲ੍ਹਿਆਂ 'ਚ ਘਾਹ ਉੱਗੇ
ਚਿਹਰੇ, ਪੀਲੇ ਭੂਕ ਸੀ
ਮੁੱਕੀਆਂ ਸੀ, ਆਸਾਂ
ਤੇ ਨਾ, ਕੋਈ ਉਮੀਦ ਸੀ
ਮੰਗਦੇ ਸੀ ਧੁੱਪ, ਜਿਹੜੇ
ਉੱਥੇ ਜਾ ਤੂੰ, ਵਰ੍ਹਿਆ
ਬੱਦਲਾ ਵੇ ਬੱਦਲਾ
ਤੂੰ, ਕਿਥੇ ਜਾ ਕੇ, ਵਰ੍ਹਿਆ

ਸਿਰਜਣਾ

ਉਹ ਪਲ, ਜਦੋਂ
ਅੱਖਰਾਂ ਨੇ
ਦਸਤਕ ਦੇ
ਬਣਨਾ ਹੁੰਦਾ
ਕੋਈ ਨਜ਼ਮ
ਪਿਆਰ, ਮੁਹੱਬਤ ਦੀ
ਪਰ, ਅੱਜਕਲ੍ਹ
ਇਹਨਾਂ ਪਲਾਂ ਵਿੱਚ
ਸਾਹਮਣੇ ਆ, ਬੈਠਦੀਆਂ
ਉਹ ਫਾਇਲਾਂ
ਜਿਹਨਾਂ 'ਤੇ ਲੱਗੇ, ਬੇਲੋੜੇ ਇਤਰਾਜ਼
ਕਿੰਝ ਕਰਨੇ ਦੂਰ
ਕਿਹੜਾ ਨਿਯਮ, ਧਾਰਾ
ਲਾਈ ਜਾਵੇ ਤਾਂ ਜੋ
ਮਿਲ ਸਕੇ ਇਨਸਾਫ
ਕਿਸੇ ਲੋੜਵੰਦ ਨੂੰ
ਅੱਜਕੱਲ੍ਹ ਕਵਿਤਾ
ਇੰਜ ਹੀ ਸਿਰਜੀ
ਜਾਂਦੀ.....

- ਸਤਨਾਮ ਕੌਰ ਚੌਹਾਨ

ਬੀ ਸੀ ਦੀਆਂ ਬੇਰੀਆਂ

ਕੈਨੇਡਾ ਡਾਇਰੀ-2

ਭਗਵੰਤ ਰਸੂਲਪੁਰੀ

ਬ੍ਰਿਟਿਸ਼ ਕੋਲੰਬੀਆ ਦੀ ਫਰੇਜਰ ਵਾਦੀ 'ਚ ਪੈਂਦੇ ਸ਼ਹਿਰ ਸਰੀ, ਲੈਂਗਲੀ, ਐਬਸਫੋਰਡ ਆਦਿ ਇਲਾਕਿਆਂ 'ਚ 'ਬੇਰੀ' ਫਰੂਟ ਦੀ ਖੇਤੀ ਕੀਤੀ ਜਾਂਦੀ ਹੈ। ਇੱਥੋਂ ਦਾ ਪੌਣ-ਪਾਣੀ 'ਬੇਰੀ' ਦੇ ਫਰੂਟ ਲਈ ਲਾਹੇਵੰਦ ਹੈ। ਇਹਨਾਂ ਦਿਨਾਂ 'ਚ ਬਲਿਊ ਬੇਰੀ ਦੀ ਅਗੇਤੀ ਕਿਸਮ 'ਡਿਊਕ' ਦੀ ਤੋੜਾਈ ਕੀਤੀ ਜਾ ਰਹੀ ਹੈ। ਬਲਿਊ ਬੇਰੀ ਦੀਆਂ ਪੰਜ ਕੁ ਕਿਸਮਾਂ ਦੀ ਖੇਤੀ ਵੱਡੀ ਪੱਧਰ 'ਤੇ ਕੀਤੀ ਜਾਂਦੀ ਹੈ। 'ਕਲਿਪਸੋ' ਨਵੀਂ ਕਿਸਮ 'ਬਲਿਊ ਕਰੋਪ', 'ਗੀਕਾ' ਤੇ 'ਈਲੀਅਟ' ਪ੍ਰਮੁੱਖ ਕਿਸਮਾਂ ਨੇ ਤੇ ਕਰੇਨ ਬੇਰੀ ਤੇ ਬਲੈਕ ਬੇਰੀ ਦੋ ਹੋਰ ਕਿਸਮਾਂ ਨੇ। ਕੈਨੇਡਾ ਦੀ ਕਿਸਾਨੀ ਏਥੋਂ ਦੇ ਨਾਵਲ-ਕਹਾਣੀ 'ਚ ਬਹੁਤ ਘੱਟ ਪੜ੍ਹਨ ਨੂੰ ਮਿਲਦੀ ਹੈ। ਬਹੁਤੇ ਪਾਠਕਾਂ ਨੇ ਸਰੀ ਰਹਿੰਦੇ ਨਾਵਲਕਾਰ ਜਰਨੈਲ, ਸੇਖਾ ਦਾ ਨਾਵਲ 'ਦੁਨੀਆ ਕੈਸੀ ਹੋਈ' ਜ਼ਰੂਰ ਪੜ੍ਹਿਆ ਹੋਵੇਗਾ। ਇਸ ਨਾਵਲ 'ਚ ਸੇਖਾ ਨੇ ਬੇਰੀ ਤੋੜਦੇ ਖੇਤ ਮਜ਼ਦੂਰਾਂ ਦੀ ਜ਼ਿੰਦਗੀ ਦੇ ਵੇਰਵੇ ਤੇ ਦ੍ਰਿਸ਼ ਬਹੁਤ ਵਧੀਆ ਤਰੀਕੇ ਨਾਲ ਪੇਸ਼ ਕੀਤੇ ਹਨ। ਨਾਵਲ ਦੇ ਸਰਵਰਕ 'ਤੇ ਵੀ ਬੇਰੀ ਤੋੜਦੇ ਪੰਜਾਬੀ ਮਜ਼ਦੂਰਾਂ ਦੀ ਤਸਵੀਰ ਵੀ ਏਹੀ ਕਹਿੰਦੀ ਹੈ। ਸੋ ਪੰਜਾਬ ਦੇ ਪਾਠਕਾਂ/ਲੋਕਾਂ ਦੇ ਮਨ 'ਚ ਵੀ ਇਹੀ ਬਿੰਬ ਬਣਿਆ ਹੋਇਆ ਹੈ ਕਿ ਬੇਰੀ ਹੱਥਾਂ ਨਾਲ ਤੋੜੀ ਜਾਂਦੀ ਹੈ। ਹਰੀ ਕ੍ਰਾਂਤੀ ਦਾ ਫੈਲਾਅ ਪੂਰੇ ਸੰਸਾਰ 'ਚ ਵੇਖਣ ਨੂੰ ਮਿਲਦਾ ਹੈ, ਜਿਸ ਨਾਲ ਫਸਲਾਂ ਦਾ ਵੱਧ ਝਾੜ ਪ੍ਰਾਪਤ ਕਰਨ ਲਈ ਖਾਦਾਂ ਤੇ ਕੀਟਨਾਸ਼ਕ ਅਤੇ ਮਸ਼ੀਨਾਂ ਦੇ ਯੁੱਗ ਦਾ ਆਰੰਭ ਹੋਇਆ। ਪਿਛਲੇ 5-7 ਸਾਲਾਂ ਤੋਂ ਬੇਰੀ ਤੋੜਨ ਲਈ ਮਸ਼ੀਨਾਂ ਦੀ ਵਰਤੋਂ ਵੱਡੀ ਪੱਧਰ 'ਤੇ ਹੋਣ ਲੱਗ ਪਈ। ਏਥੋਂ ਦੇ ਇੱਕ ਫਾਰਮਰ ਸ਼ੀਤਲ ਸਿੰਘ ਧੂੰਨੀ ਨੇ ਦੱਸਿਆ ਕਿ 'ਹੱਥਾਂ ਨਾਲ ਪਿੱਕਰਾਂ ਵੱਲੋਂ ਤੁੜਾਈ ਬੇਰੀ ਬਹੁਤ ਮਹਿੰਦੀ ਪੈਂਦੀ ਹੈ, ਪਿੱਕਰ ਹੱਥ ਨਾਲ ਤੋੜੀ ਬੇਰੀ ਦੀ ਮਜ਼ਦੂਰੀ 50 ਤੋਂ 60 ਸੈਂਟ ਲੈਂਦੇ ਹਨ ਤੇ ਮਸ਼ੀਨ ਨਾਲ ਤੁੜਾਈ ਬੇਰੀ ਦੀ ਮਜ਼ਦੂਰੀ 15-20 ਸੈਂਟ ਪਰ ਪੌਂਡ ਅਸੀਂ ਦਿੰਦੇ ਹਾਂ। ਦੂਜਾ ਜੇ ਮਸ਼ੀਨ 10 ਤੋਂ 12 ਘੰਟੇ ਚੱਲੇ ਤਾਂ ਉਹ ਦੋ ਏਕੜ ਬੇਰੀ ਤੋੜ ਦਿੰਦੀ ਹੈ। ਦੂਜੇ ਪਾਸੇ 2 ਏਕੜ ਨੂੰ 50 ਮਜ਼ਦੂਰ 3-4 ਦਿਨਾਂ 'ਚ ਤੋੜਦੇ ਨੇ। ਐਨੀ ਲੇਬਰ ਦਾ ਪ੍ਰਬੰਧ ਕਰਨਾ ਤੇ ਉਹਨਾਂ ਨੂੰ ਸਾਂਭਣਾ ਸਿਰ ਦਰਦੀ ਵਾਲਾ ਕੰਮ ਹੈ। ਮਸ਼ੀਨ 'ਤੇ ਚਾਰ ਬੰਦਿਆਂ ਦੀ ਜ਼ਰੂਰਤ ਪੈਂਦੀ ਹੈ। ਮਸ਼ੀਨ ਵਾਲਾ ਇੱਕ ਘੰਟੇ ਦਾ 200 ਡਾਲਰ ਲੈਂਦਾ ਹੈ। ਕੈਨਰੀ ਵਾਲੇ ਕਿਸਾਨਾਂ ਕੋਲੋਂ ਹੱਥ ਨਾਲ ਤੋੜੀ ਬੇਰੀ ਪਰ ਪੌਂਡ 1.20 ਸੈਂਟ ਤੇ ਮਸ਼ੀਨ ਨਾਲ ਤੋੜੀ ਬੇਰੀ ਪਰ ਪੌਂਡ 1.05 ਸੈਂਟ ਲੈਂਦੇ ਹਨ। ਕਿਸਾਨ ਨੂੰ ਇੱਕ ਪੌਂਡ ਬੇਰੀ ਮਗਰ 20 ਤੋਂ 30 ਸੈਂਟ ਬਚਦੇ ਹਨ। ਇਹਦੇ ਵਿੱਚੋਂ ਹੀ ਰੇਹਾਂ (ਖਾਦਾਂ) ਤੇ ਸਪਰੇਆਂ (ਕੀਟ ਨਾਸ਼ਕ) ਤੇ ਮਸ਼ੀਨਰੀ। ਲੇਬਰ ਦੇ ਖਰਚੇ ਕੱਢਣੇ ਪੈਂਦੇ ਨੇ। ਲਾ-ਪਾ ਕੇ ਕਿਸਾਨ (ਫਾਰਮਰ) ਦੇ ਪੱਲੇ ਬੱਸ ਦਿਹਾੜੀ ਹੀ ਪੈਂਦੀ ਹੈ।'

ਆਸੇ-ਪਾਸੇ ਬੇਰੀ ਦੇ ਫਾਰਮਾਂ ਵਿੱਚ ਮੈਂ ਮਸ਼ੀਨਾਂ ਨੂੰ ਬੇਰੀ ਤੋੜਦਿਆਂ ਵੇਖਿਆ। ਇਹ ਮਸ਼ੀਨ ਪੰਜਾਬ ਦੀ ਕਣਕ-ਝੋਨਾ ਕੱਟਣ ਵਾਲੀ ਕੰਬਾਇਨ ਦੇ ਅਕਾਰ ਦੀ ਹੁੰਦੀ ਹੈ। ਜੋ ਬੇਰੀ ਦੀਆਂ ਕਤਾਰਾਂ 'ਚੋਂ ਕੀੜੇ ਦੀ ਚਾਲੇ ਚੱਲਦੀ ਹੈ। ਮਸ਼ੀਨ ਦੇ ਅੱਗੇ ਬੋਟਲ ਬੁਰਸ਼ ਦੀ ਸ਼ਕਲ ਦੇ ਦੋ ਬੁਰਸ਼ ਲੱਗੇ ਹੁੰਦੇ ਹਨ ਜੋ ਇੱਕ ਨਿਰਧਾਰਤ ਸਪੀਡ ਨਾਲ ਉਪਰ-ਥੱਲੇ ਹੁੰਦੇ ਹਨ। ਮਸ਼ੀਨ ਦਾ ਡਰਾਇਵਰ ਇਸ ਦੀ ਸਪੀਡ ਉੱਪਰ-ਥੱਲੇ/ਤੇਜ਼-ਹੌਲੀ ਕਰਦਾ ਰਹਿੰਦਾ ਹੈ। ਬੋਟਲ ਬੁਰਸ਼ ਅਕਾਰ ਦੇ ਆਲੇ-ਦੁਆਲੇ ਪਲਾਸਟਿਕ ਸਟਿਕਾਂ ਬੇਰੀ ਦੇ ਪੌਦੇ ਨਾਲੋਂ ਬੇਰੀ ਝਾੜ ਕੇ ਬੇਰੀ ਨੂੰ ਬੈਲਟਾਂ ਉੱਤੇ ਸੁੱਟਦੀ ਰਹਿੰਦੀ ਹੈ। ਦੂਜੀ ਬੈਲਟ ਬੇਰੀ ਨੂੰ ਉੱਪਰ ਲੈ ਕੇ ਜਾਂਦੀ ਹੈ। ਇਸ ਦੇ ਰਾਹ 'ਚ ਪੱਖੇ ਲੱਗੇ ਹੁੰਦੇ ਹਨ, ਜੋ ਬੇਰੀ ਨਾਲ ਝੜੇ ਪੱਤੇ ਤੇ ਬਗੀਕ ਟਾਹਣੀਆਂ ਨੂੰ ਖਿੱਚ ਕੇ ਥੱਲੇ ਸੁੱਟਦੇ ਰਹਿੰਦੇ ਹਨ। ਬੇਰੀ ਕਰੇਟਾਂ 'ਚ ਡਿੱਗਦੀ ਰਹਿੰਦੀ ਹੈ ਤੇ ਦੋ ਬੰਦੇ ਕਰੇਟ ਚੁੱਕ ਕੇ ਮਸ਼ੀਨ 'ਤੇ ਬਣੀ ਥਾਂ 'ਤੇ ਟਿਕਾਈ ਜਾਂਦੇ ਹਨ। ਜਦੋਂ 80 ਦੇ ਕਰੀਬ ਕਰੇਟ ਭਰ ਜਾਂਦੇ ਹਨ ਤੇ ਇਹਨਾਂ ਨੂੰ ਟਰੱਕ 'ਤੇ ਲੱਦ ਲਿਆ ਜਾਂਦਾ ਹੈ। ਟਰੱਕ ਭਰਨ 'ਤੇ ਬੇਰੀ ਨੂੰ ਕੈਨਰੀ 'ਚ ਪਹੁੰਚਾ ਦਿੱਤਾ ਜਾਂਦਾ ਹੈ। ਅੱਗੋਂ ਹੌਲੀ-ਹੌਲੀ ਸਾਰਾ ਸਾਲ ਕੈਨਰੀਅਨਾਂ ਵਾਲੇ ਗਰੇਡਿੰਗ ਕਰਕੇ ਮੰਗ ਅਨੁਸਾਰ ਸਟੋਰਾਂ 'ਚ ਭੇਜਦੇ ਰਹਿੰਦੇ ਹਨ। ਬੇਰੀ ਦੀ ਖੇਤੀ ਕਰਨ ਵਾਲੇ ਫਾਰਮਰ ਸ਼ੀਤਲ ਧੂੰਨੀ ਨੇ ਅੱਗੇ ਦੱਸਿਆ ਕਿ ਇਸ ਵਾਰ ਬੇਰੀ ਦੇ ਅਨੁਕੂਲ ਮੌਸਮ ਨਹੀਂ ਰਿਹਾ, ਜਦੋਂ ਫੁੱਲ ਨਿਕਲੇ ਸਨ ਤਾਂ ਇੱਕਦਮ ਗਰਮੀ ਪੈਣ ਲੱਗ ਪਈ, ਜਿਸ ਨਾਲ ਡਿਊਕ ਬੇਰੀ ਦਾ ਝਾੜ ਪਿਛਲੇ ਸਾਲ ਨਾਲੋਂ 30 ਤੋਂ 40% ਘਟ ਗਿਆ। ਕੈਨ

ਵਿਚਾਰ-ਚਰਚਾ

ਕੁਲਦੀਪ ਸਿੰਘ ਦੀਪ (ਡਾ.)

ਕਿੰਨਾ ਉੱਚਾ ਤਖਤ ਹੈ 'ਅਦਲੀ ਰਾਜੇ' ਦਾ....

ਕੁਝ ਹਾਦਸੇ ਤੁਹਾਨੂੰ ਏਨਾ ਤੋੜ ਦਿੰਦੇ ਹਨ ਕਿ ਤੁਸੀਂ ਸਦਮੇ ਦੀ ਹਾਲਤ ਵਿਚ ਪਹੁੰਚ ਜਾਂਦੇ ਹੋ। ਅਹਿਸਾਸ ਦੀ ਸੰਘੀ ਏਨੀ ਜ਼ੋਰ ਦੀ ਘੁੱਟੀ ਜਾਂਦੀ ਹੈ ਕਿ ਬੋਲ ਸੰਘ ਵਿਚ ਫਸ ਜਾਂਦੇ ਹਨ। ਉਦਾਸੀ, ਚਿੰਤਾ, ਕ੍ਰੋਧ, ਬੇਬਸੀ, ਖਿਝ ਦਾ ਗੁਬਾਰ ਏਨਾ ਵੱਡਾ ਹੋ ਜਾਂਦਾ ਹੈ ਕਿ ਜ਼ੁਬਾਨ ਦੇ ਮੋਘੇ ਵਿੱਚ ਇੱਟ ਵਾਂਗ ਫਸ ਜਾਂਦਾ ਹੈ ਕੁਝ...

ਪਿਛਲੇ 80 ਦਿਨਾਂ ਤੋਂ ਦੇਸ਼ ਦੇ ਜਿਸਮ ਦਾ ਇਕ ਟੋਟਾ ਸਰਾਪਿਆ ਪਿਆ ਹੈ। ਪੌਣਾਂ ਵਿਚ ਜ਼ਹਿਰ ਘੁਲ ਚੁੱਕਿਆ ਹੈ, ਖੇਤ ਸਰਾਪੇ ਜਾ ਚੁੱਕੇ ਹਨ, ਬੇਜ਼ੁਬਾਨ ਪਸ਼ੂ ਮਨੁੱਖ ਦੇ ਪਸ਼ੂਪੁਣੇ 'ਤੇ ਹੈਰਾਨ ਹਨ, ਸਕੂਲ ਨਿਆਣਿਆਂ ਨੂੰ ਤਰਸ ਰਹੇ ਹਨ ਅਤੇ ਨਿਆਣੇ ਸਿਆਣਿਆਂ ਦੀਆਂ 'ਸਿਆਣਪਾਂ' ਦੇਖ-ਦੇਖ ਸਹਿਮੇ ਹੋਏ ਮਾਵਾਂ ਦੀਆਂ ਗੋਦੀਆਂ ਨਾਲ ਚਿਪਕੇ ਪਏ ਹਨ। 6000 ਐੱਫ ਆਈ ਆਰਾਂ ਨਕਾਰਾ ਹੋ-ਹੋ ਦਮ ਤੋੜ ਰਹੀਆਂ ਹਨ। ਸਰਕਾਰੀ ਅੰਕੜਿਆਂ ਮੁਤਾਬਕ ਹੁਣ ਤੱਕ ਲੱਗਭੱਗ ਡੇਢ ਸੌ ਦੇ ਕਰੀਬ ਮੌਤਾਂ ਹੋ ਚੁੱਕੀਆਂ ਹਨ, ਪੰਜ ਹਜ਼ਾਰ ਘਟਨਾਵਾਂ ਅੱਗਾਂ ਲੱਗਣ ਦੀਆਂ ਵਾਪਰ ਚੁੱਕੀਆਂ ਹਨ, ਖਤਰਨਾਕ ਅੱਤਵਾਦੀ ਛੱਡੇ ਜਾ ਰਹੇ ਹਨ ਅਤੇ ਸੱਤ ਹਜ਼ਾਰ ਦੇ ਕਰੀਬ ਆਮ ਲੋਕ ਹਿਰਾਸਤ ਵਿਚ ਲਏ ਜਾ ਚੁੱਕੇ ਹਨ, 60 ਹਜ਼ਾਰ ਦੇ ਕਰੀਬ ਲੋਕ ਬੇਘਰ ਹੋ ਚੁੱਕੇ ਹਨ ਅਤੇ ਹੋਰ ਹਜ਼ਾਰਾਂ ਲੋਕ ਹੋਰ ਥਾਵਾਂ 'ਤੇ ਸ਼ਰਨ ਲੈਣ ਲਈ ਆਪਣੇ ਘਰ-ਘਾਟ ਤਿਆਗ ਕੇ ਧੁਆਂਖੇ ਅਤੇ ਉਦਾਸੇ ਚਿਹਰੇ ਲੈ ਕੇ ਘਰੋਂ ਨਿਕਲ ਚੁੱਕੇ ਹਨ। ਡਬਲ ਇੰਜਣ ਦੀ ਮਾਰ ਏਨੀ ਭੈੜੀ ਹੈ ਕਿ ਕਿਤੇ ਦਾਦ-ਫਰਿਆਦ ਹੀ ਨਹੀਂ। ਕਦੇ ਸੁਰਜੀਤ ਪਾਤਰ ਦਾ ਕਿਹਾ ਇਹ ਸ਼ਿਅਰ ਪੜ੍ਹਦੇ ਸਾਂ ਤਾਂ ਮੀਲਾਂ ਲੰਮਾ ਹਉਕਾ ਨਿਕਲਦਾ ਸੀ :

ਏਨਾ ਉੱਚਾ ਤਖਤ ਸੀ ਅਦਲੀ ਰਾਜੇ ਦਾ
ਮਜ਼ਲੂਮਾਂ ਦੀ ਉਮਰ ਹੀ ਰਾਹ ਵਿੱਚ ਬੀਤ ਗਈ

ਪਰ ਹੁਣ ਗੱਲ ਬਹੁਤ ਅੱਗੇ ਨਿਕਲ ਗਈ। ਅਦਲੀ ਰਾਜੇ ਦੇ ਵਾਰਿਸ ਅਦਲੀ ਤੋਂ ਸੌ ਗੁਣਾ ਸਾਤਿਰ ਹਨ। ਹੁਣ ਮਜ਼ਲੂਮ ਨੂੰ ਇੰਤਜ਼ਾਰ ਕਰਨ ਲਈ ਛੱਡਿਆ ਹੀ ਨਹੀਂ ਜਾਂਦਾ, ਬਲਕਿ ਦਾਅ ਲਗਦੇ ਹੀ ਕਿਸੇ ਸਿਰਫਿਰੀ ਭੀੜ ਨੂੰ ਸ਼ਿਸ਼ਕਾਰ ਕੇ ਲਤਾੜ ਦਿੱਤਾ ਜਾਂਦਾ ਹੈ, ਸਾੜ ਦਿੱਤਾ ਜਾਂਦਾ ਹੈ, ਲੁੱਟ ਲਿਆ ਜਾਂਦਾ ਹੈ, ਕੁੱਟ ਲਿਆ ਜਾਂਦਾ ਹੈ, ਨੰਗੇ ਕਰਕੇ ਘੁਮਾਇਆ ਜਾਂਦਾ ਹੈ ਅਤੇ ਰੇਪ ਕਰਕੇ ਮਰਨ ਤੇ ਜਿਉਣ ਦੇ ਵਿਚਕਾਰ ਦੋਜ਼ਖ ਵਰਗੀ ਜ਼ਿੰਦਗੀ ਜਿਉਣ 'ਤੇ ਮਜਬੂਰ ਕਰ ਦਿੱਤਾ ਜਾਂਦਾ ਹੈ। ਪਿਛਲੇ ਤਿੰਨ ਮਹੀਨਿਆਂ ਤੋਂ ਮਨੀਪੁਰ ਵਿਚ ਇਞ ਹੀ ਹੋ ਰਿਹਾ ਹੈ। ਡਬਲ ਇੰਜਣ ਸਰਕਾਰ ਦੇ ਡਬਲ ਕਿਰਦਾਰ ਦੀ ਸਾਜ਼ਿਸ਼ ਦੇ ਤਹਿਤ ਮਨੀਪੁਰ ਦੇ ਘੱਟਗਿਣਤੀ ਫਿਰਕੇ 'ਡਬਲ-ਟਰਿਪਲ' ਅੱਤਿਆਚਾਰ ਦੀ ਮਾਰ ਹੇਠ ਹਨ। ਹਜ਼ਾਰਾਂ ਲੋਕਾਂ ਦੀ ਭੀੜ ਦੁਆਰਾ ਔਰਤਾਂ ਨੂੰ ਨਿਰਵਸਤਰ ਕਰਕੇ ਘੁਮਾਉਣਾ, ਉਹਨਾਂ ਨਾਲ ਰੇਪ ਕਰਨਾ ਅਤੇ ਫਿਰ ਉਹਨਾਂ ਨੂੰ ਮਾਰ ਦੇਣਾ ਇਸ ਸਾਰੇ ਅਮਨੁੱਖੀ ਵਰਤਾਰੇ ਦਾ ਸਿਖਰ ਹੈ। ਪਰ ਇੱਥੇ ਇਹ ਸਮਝਣਾ ਬਹੁਤ ਮਹੱਤਵਪੂਰਨ ਹੈ ਕਿ ਕੀ ਇਹ ਦਰਿੰਦਗੀ ਕਿਸੇ ਪੁਰਸ਼ ਨੇ ਕੀਤੀ ਹੈ??? ਨਹੀਂ...

ਇਹ ਫਿਰਕਾਪ੍ਰਸਤੀ, ਖੇਤਰਪ੍ਰਸਤੀ, ਜ਼ੁਬਾਨਪ੍ਰਸਤੀ ਦੇ ਜਨੂੰਨ ਵਿਚ ਸੜ ਰਹੇ ਅੰਨ੍ਹੇ ਲੋਕਾਂ ਨੇ ਕੀਤੀ ਹੈ।

ਇਹਨਾਂ ਦੀ ਪਿੱਠ 'ਤੇ ਖੜੀ ਸੱਤਾ ਨੇ ਕੀਤੀ ਹੈ।

ਪੁਰਸ਼ਾਂ ਨੇ ਤਾਂ ਕੀਤੀ ਹੀ ਹੈ, ਭੀੜ ਵਿੱਚ ਸ਼ਾਮਲ ਔਰਤਾਂ ਨੇ ਵੀ ਕੀਤੀ ਹੈ।

ਸਮਝਣਾ ਇਹ ਜ਼ਰੂਰੀ ਹੈ ਕਿ ਸੱਤਾ, ਸਾਤਿਰ ਅਤੇ ਸਾਜ਼ਿਸ਼ੀ ਦਾ ਕੋਈ ਲਿੰਗ ਨਹੀਂ ਹੁੰਦਾ। ਸੱਤਾ ਸਿਰਫ ਭੀੜਾਂ ਨੂੰ ਉਤੇਜਿਤ ਕਰਦੀ ਹੈ, ਉਹਨਾਂ ਦੇ ਅੰਦਰਲਾ ਪਸ਼ੂਪੁਣਾ ਜਗਾਉਂਦੀ ਹੈ ਅਤੇ ਵੱਖ-ਵੱਖ ਭਾਈਚਾਰਿਆਂ ਦੀ ਸਾਂਝੀ ਜ਼ਮੀਨ ਅੰਦਰ ਨਫਰਤਾਂ ਦੇ ਡੂੰਘੇ ਬੀਜ ਦਿੰਦੀ ਹੈ ਅਤੇ ਫਿਰ ਸਦੀਆਂ ਦਹਾਕਿਆਂ ਤੱਕ ਨਫਰਤਾਂ ਦੀ ਇਸ ਫਸਲ ਨੂੰ ਕੱਟ ਕੇ ਸੱਤਾ ਦਾ ਬਾਲਣ ਬਣਾਉਂਦੀ ਰਹਿੰਦੀ ਹੈ।

ਮਨੀਪੁਰ ਵਿਚ ਵੀ ਇੰਞ ਹੀ ਹੋਇਆ ਹੈ। ਇਹ ਕੋਈ ਸੈਕਸੁਅਲ ਹਵਸ ਦੀ ਇੰਤਹਾ ਵਿੱਚੋਂ ਪੈਦਾ ਹੋਇਆ ਰੇਪ ਨਹੀਂ ਹੈ, ਬਲਕਿ ਉਸ ਰੇਪ ਤੋਂ ਬਹੁਤ ਕੁਝ ਵੱਧ ਹੈ। ਉਂਞ ਤਾਂ ਭਾਵੇਂ ਰੇਪ ਮਨੁੱਖ ਦੁਆਰਾ ਮਨੁੱਖ ਨਾਲ ਕੀਤੀ ਸਭ ਤੋਂ ਦਰਿੰਦਾ ਕਰਤੂਤ ਹੁੰਦੀ ਹੈ, ਪਰ ਫੇਰ ਵੀ ਰੇਪ ਰੇਪ ਵਿਚ ਫਰਕ ਹੁੰਦਾ ਹੈ। ਇਕ ਰੇਪ ਸੈਕਸੂਲ ਭੁੱਖ ਦੀ ਐਕਸਟਰੀਮ ਵਿੱਚੋਂ ਪੈਦਾ ਹੁੰਦਾ ਹੈ, ਜਿਸ ਵਿਚ ਆਦਮੀ ਕਿਸੇ ਵਿਰੋਧੀ ਲਿੰਗ ਨੂੰ ਵਰਗਲਾ ਕੇ, ਫੁਸਲਾ ਕੇ ਜਾਂ ਜਬਰੀ ਉਸ ਨਾਲ ਰੇਪ ਕਰਦਾ ਹੈ ਅਤੇ ਉਸ ਨੂੰ ਜਲਾਲਤ ਭਰੀ ਜ਼ਿੰਦਗੀ ਜਿਉਣ ਲਈ ਛੱਡ ਦਿੰਦਾ ਹੈ। ਅਜਿਹੇ ਕੇਸਾਂ ਵਿਚ ਹੁਣ ਇੰਤਹਾ ਇਹ ਹੋਈ ਹੈ ਕਿ ਅਜਿਹੇ ਦਰਿੰਦੇ ਸਬੂਤ ਖ਼ੁਰਦ-ਬੁਰਦ ਕਰਨ ਦੀ ਕੋਸ਼ਿਸ਼ ਵਿਚ ਰੇਪ ਕਰਨ ਤੋਂ ਬਾਅਦ ਕਿਸੇ ਵੀ ਤਰੀਕੇ ਨਾਲ ਉਸ ਦਾ ਕਤਲ ਵੀ ਕਰ ਦਿੰਦੇ ਹਨ, ਪਰ ਮਨੀਪੁਰ ਵਿਚ 4 ਮਈ ਨੂੰ ਵਾਪਰੀਆਂ ਘਟਨਾਵਾਂ ਨੂੰ ਇਸ ਸ਼ਰੇਣੀ ਵਿਚ ਨਹੀਂ ਰੱਖਿਆ ਜਾ ਸਕਦਾ, ਸਗੋਂ ਇਹ ਘਟਨਾਵਾਂ ਇਸ ਤੋਂ ਕਿਤੇ ਵੱਧ ਭਿਆਨਕ ਅਤੇ ਦਰਿੰਦਗੀ ਭਰਪੂਰ ਹਨ। ਸੱਤਾ ਦੀ ਸ਼ਹਿ 'ਤੇ ਪਸ਼ੂਪੁਣੇ 'ਤੇ ਉੱਤਰੀ ਭੀੜ ਦੁਆਰਾ ਕੀਤੇ ਇਸ ਕਾਰੇ ਦੇ ਮਨੋਵਿਗਿਆਨ ਅਤੇ ਸੁਭਾਅ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਇਹ ਕੋਈ ਪਹਿਲਾ ਅਤੇ ਆਖਰੀ ਕਾਰਾ ਨਹੀਂ ਹੈ। ਇਤਿਹਾਸ ਦੀ ਯਾਤਰਾ ਕਰੋ.. ਇਹ ਸਾਰਾ ਕੁਝ ਕੁਝ ਸਮਾਂ ਪਹਿਲਾਂ ਗੁਜਰਾਤ ਵਿਚ ਵੀ ਹੋਇਆ ਸੀ। ਬਿਲਕਿਸ ਬਾਨੋ ਉਸ ਦਾ ਜਿਊਂਦਾ-ਜਾਗਦਾ ਸਬੂਤ ਹੈ। ਇਹ ਸਾਰਾ ਕੁਝ ਉਸ ਤੋਂ ਹੋਰ ਪਹਿਲਾਂ 1984 ਵਿਚ ਦਿੱਲੀ ਵਿਚ ਵੀ ਹੋਇਆ ਸੀ, ਜਦ ਬਹੁਤ ਸਾਰੇ ਪਾਪੀਆਂ ਦੀਆਂ ਕਰਤੂਤਾਂ ਦੀ ਬਦੌਲਤ ਧਰਤੀ ਹਿੱਲੀ ਸੀ। ਇਹੀ ਕਾਰਾ ਉਸ ਤੋਂ ਵੀ ਬਹੁਤ ਪਹਿਲਾਂ ਸੰਤਾਲੀ ਦੀ ਵੰਡ ਸਮੇਂ ਅਸੀਂ ਆਪ ਵੀ ਕੀਤਾ ਸੀ, ਜਦ ਅੰਮ੍ਰਿਤਾ ਦੁਆਰਾ ਵਾਰਿਸ ਸ਼ਾਹ ਨੂੰ ਇਹ ਕਹਿ ਕੇ ਹਾਕਾਂ ਮਾਰੀਆਂ ਗਈਆਂ ਕਿ ਇਕ ਰੋਈ ਸੀ ਧੀ ਪੰਜਾਬ ਦੀ, ਅਸੀਂ ਲਿਖ ਲਿਖ ਮਾਰੇ ਵੈਣ...ਅੱਜ ਲੱਖਾਂ ਧੀਆਂ ਰੋਂਦੀਆਂ, ਤੈਨੂੰ ਵਾਰਿਸ ਸ਼ਾਹ ਨੂੰ ਕਹਿਣ।

ਇਸ ਪ੍ਰਕਾਰ ਅਜਿਹੇ ਕਾਰਿਆਂ ਦੇ ਪਿੱਛੇ ਸਿਰਫ ਜਿਣਸੀ ਹਵਸ ਨਹੀਂ ਹੁੰਦੀ, ਬਲਕਿ ਇਹ ਇਕ ਫਿਰਕੇ ਦੇ ਜਨੂੰਨੀ ਮਰਦ-ਔਰਤਾਂ ਦੁਆਰਾ ਦੂਜੇ ਫਿਰਕੇ ਉੱਪਰ ਆਪਣੀ ਦਬਿਸ਼ ਪਾਉਣ ਲਈ ਕੀਤਾ ਗਿਆ ਭਿਆਨਕ ਕਾਰਾ ਹੁੰਦਾ ਹੈ। ਇਸ ਦੇ ਪਿੱਛੇ ਇਹ ਮਨੋਵਿਗਿਆਨਕ ਧਾਰਨਾ ਕਾਰਜਸ਼ੀਲ ਹੁੰਦੀ ਹੈ ਕਿ : ਸਾਡਾ ਪੁਰਸ਼ ਪ੍ਰਧਾਨ ਸਮਾਜ ਕਿਹੜੀਆਂ-ਕਿਹੜੀਆਂ ਗੱਲਾਂ ਤੋਂ ਸਭ ਤੋਂ ਵੱਧ ਜ਼ਲੀਲ ਹੁੰਦਾ ਹੈ, ਪੀੜਤ ਹੁੰਦਾ ਹੈ, ਦੁਖੀ ਹੁੰਦਾ ਹੈ?

ਇਸੇ ਲਈ ਅਜਿਹੇ ਕੇਸਾਂ ਵਿਚ ਕਈ ਵਾਰ ਧਾੜਵੀਆਂ ਵੱਲੋਂ ਆਰਥਿਕ ਲੁੱਟ ਕੀਤੀ ਜਾਂਦੀ ਹੈ..

ਕਈ ਵਾਰ ਧਾੜਵੀਆਂ ਵੱਲੋਂ ਦਹਿਸ਼ਤ ਫੈਲਾਉਣ ਲਈ ਸਮੂਹਕ ਕਤਲ ਕੀਤੇ ਜਾਂਦੇ ਹਨ..

ਕਈ ਵਾਰ ਧਾੜਵੀਆਂ ਵੱਲੋਂ ਔਰਤਾਂ ਨੂੰ ਨੰਗੇ ਕਰਕੇ ਘੁਮਾਇਆ ਜਾਂਦਾ ਹੈ, ਉਸ ਦੇ ਅੰਗਾਂ ਨਾਲ ਛੇੜਛਾੜ ਕੀਤੀ ਜਾਂਦੀ ਹੈ, ਉਸ 'ਤੇ ਭੱਦੀਆਂ ਟਿੱਪਣੀਆਂ ਕੀਤੀਆਂ ਜਾਂਦੀਆਂ ਹਨ ਅਤੇ ਉਸ ਦਾ ਸਮੂਹਕ ਰੇਪ ਕੀਤਾ ਜਾਂਦਾ ਹੈ।

ਸਦੀਆਂ ਤੋਂ ਔਰਤ ਨੂੰ ਮਨੁੱਖ ਨੇ ਆਪਣੀ ਨਿੱਜੀ ਜਾਇਦਾਦ ਬਣਾ ਕੇ ਨਿਰਜੀਵ ਵਸਤ ਵਾਲਾ ਵਿਹਾਰ ਕੀਤਾ ਹੈ। ਸਾਡੇ ਸਮਾਜ ਨੂੰ ਪਤਾ ਹੈ ਕਿ ਇਸ 'ਪਰਸਨਲ ਪਰਾਪਰਟੀ' ਨਾਲ ਕੀਤੀ ਛੇੜਛਾੜ, ਕੁੱਟਮਾਰ, ਸ਼ਬਦੀ ਅਤੇ ਸਰੀਰਕ ਰੇਪ ਕਰਨ ਨਾਲ ਸਾਡਾ ਸਮਾਜ ਸਭ ਤੋਂ ਵੱਧ ਬੇਇੱਜ਼ਤ ਮਹਿਸੂਸ ਕਰਦਾ ਹੈ, ਇਸ ਲਈ ਕਿਸੇ ਇਕ ਧੜਵੈਲ ਸਮੂਹ ਵੱਲੋਂ ਦੂਜੇ ਸਮੂਹ ਨੂੰ ਅਪਮਾਨਿਤ ਕਰਕੇ ਉਸ 'ਤੇ ਆਪਣੀ ਦਹਿਸ਼ਤ ਪਾਉਣ ਲਈ ਅਜਿਹੇ ਅਮਾਨਵੀ ਕਾਰੇ ਕੀਤੇ ਜਾਂਦੇ ਹਨ। ਖੁਦ ਨੂੰ 'ਮਰਦ' ਸਾਬਤ ਕਰਦੇ ਹੋਏ ਦੂਜਿਆਂ ਨੂੰ 'ਨਾਮਰਦ' ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਦੇ ਕਈ ਪੜਾਅ ਹਨ :

ਔਰਤ ਨੂੰ ਅਗਵਾ ਕਰਕੇ ਲੈ ਜਾਣਾ ਜਾਂ ਉਸ ਨਾਲ ਜਬਰੀ ਵਿਆਹ ਕਰ ਲੈਣਾ ਹੀ ਸੰਬੰਧਤ ਧਿਰ ਨੂੰ ਸ਼ਰਮਸਾਰ ਅਤੇ ਖੌਫ਼ਜ਼ਦਾ ਕਰਨ ਲਈ ਕਾਫੀ ਹੁੰਦਾ ਹੈ।

ਦੂਜੇ ਪੜਾਅ 'ਤੇ ਉਸ 'ਤੇ ਭੱਦੇ ਫਿਕਰੇ ਕੱਸੇ ਜਾਂਦੇ ਹਨ।

ਤੀਜੇ ਪੜਾਅ 'ਤੇ ਉਸ ਨੂੰ ਨੰਗਾ ਕੀਤਾ ਜਾਂਦਾ ਹੈ।

ਚੌਥੇ ਪੜਾਅ 'ਤੇ ਉਸ ਦੇ ਜਿਸਮ ਨਾਲ ਛੇੜਛਾੜ ਕੀਤੀ ਜਾਂਦੀ ਹੈ। ਕੁੱਟਮਾਰ ਕੀਤੀ ਜਾਂਦੀ ਹੈ।

ਇਸ ਨੂੰ ਹੋਰ ਭਿਆਨਕ ਕਰਨ ਲਈ ਇਸ ਨੂੰ ਜਨਤਕ ਤੌਰ 'ਤੇ ਲੋਕਾਂ ਦੇ ਸਾਮ੍ਹਣੇ ਕੀਤਾ ਜਾਂਦਾ ਹੈ।

ਹੋਰ ਦਰਿੰਦਗੀ ਦਿਖਾਉਣ ਲਈ ਉਸ ਨਾਲ ਸਮੂਹਕ ਰੇਪ ਕੀਤਾ ਜਾਂਦਾ ਹੈ ਅਤੇ ਮਾਰ ਦਿੱਤਾ ਜਾਂਦਾ ਹੈ...

ਹੋਰ ਭਿਆਨਕ ਕਰਨ ਲਈ ਅੱਜਕੱਲ੍ਹ ਇਸ ਦੀ ਆਪ ਹੀ ਵੀਡੀਓ ਬਣਾ ਕੇ ਪਬਲਿਕ ਡੋਮੇਨ ਵਿਚ ਭੇਜ ਦਿੱਤੀ ਜਾਂਦੀ ਹੈ।

ਮਨੀਪੁਰ ਕੇਸ ਵਿਚ ਇਹੋ ਸਾਰਾ ਕੁਝ ਹੋਇਆ ਹੈ। ਇਸ ਵਿਚ 'ਸਿਰਫ ਸੈਕਸੁਅਲਟੀ' ਕਾਰਨ ਨਹੀਂ ਹੈ। ਪਰ ਸੱਤਾ ਦੀ ਖੇਡ ਬਹੁਤ ਸਾਜ਼ਿਸ਼ੀ ਹੈ। ਇਸ ਨੂੰ ਸਿਰਫ ਸੈਕਸੁਅਲਟੀ ਨਾਲ ਜੋੜ ਕੇ ਕੁਝ ਵਿਅਕਤੀਆਂ ਦੁਆਰਾ ਕੀਤਾ ਗਿਆ ਕਾਰਾ ਬਣਾ ਦਿੰਦੀ ਹੈ ਅਤੇ ਬਾਅਦ ਵਿਚ ਉਹਨਾਂ ਨੂੰ ਗ੍ਰਿਫਤਾਰ ਕਰਨ ਦਾ ਡਰਾਮਾ ਕਰਕੇ ਲੋਕਾਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰਦੀ ਹੈ। ਪ੍ਰਧਾਨ ਮੰਤਰੀ ਦਾ 79 ਦਿਨ ਬਾਅਦ ਆਏ ਬਿਆਨ ਦਾ ਸ਼ਬਦ-ਸ਼ਬਦ ਪੜ੍ਹੋ ਅਤੇ ਸਮਝੋ :

ਮੇਰਾ ਦਿਲ ਅੱਜ ਪੀੜ ਨਾਲ ਭਰਿਆ ਹੈ, ਕਰੋਧ ਨਾਲ ਭਰਿਆ ਹੈ। ਮਨੀਪੁਰ ਦੀ ਘਟਨਾ ਕਿਸੇ ਵੀ ਸੱਭਿਅਕ ਸਮਾਜ ਲਈ ਸ਼ਰਮਸਾਰ ਕਰਨ ਵਾਲੀ ਘਟਨਾ ਹੈ। ਪਾਪ ਕਰਨ ਵਾਲੇ ਕਿੰਨੇ ਹਨ ਅਤੇ ਕੌਣ ਹਨ, ਇਹ ਆਪਣੀ ਜਗ੍ਹਾ ਹੈ, ਪਰ ਬੇਇਜ਼ਤੀ ਪੂਰੀ ਦੇਸ਼ ਦੀ ਹੋ ਰਹੀ ਹੈ। 140 ਕਰੋੜ ਦੇਸ਼ਵਾਸੀਆਂ ਨੂੰ ਸ਼ਰਮਸਾਰ ਹੋਣਾ ਪੈ ਰਿਹਾ ਹੈ।"

ਜੇਕਰ ਇਸ ਬਿਆਨ ਦਾ ਧਿਆਨ ਨਾਲ ਵਿਸ਼ਲੇਸ਼ਣ ਕਰੀਏ ਤਾਂ ਇਸ ਵਿਚ ਕਿਤੇ ਵੀ ਪਿਛਲੇ ਤਿੰਨ ਮਹੀਨਿਆਂ ਤੋਂ ਹੁੰਦੀ ਆ ਰਹੀ ਦਹਿਸ਼ਤ ਅਤੇ ਗੁੰਡਾਗਰਦੀ ਦਾ ਜ਼ਿਕਰ ਨਹੀਂ, ਜਿਸ ਦੇ ਤਹਿਤ ਹਜ਼ਾਰਾਂ ਐੱਫ ਆਈ ਆਰਾਂ ਹੋਈਆਂ...ਅੱਗਾਂ ਲੱਗੀਆਂ....ਕਤਲ ਹੋਏ.....ਲੋਕ ਬੇਘਰ ਹੋਏ..ਸਿਰਫ ਤੇ ਸਿਰਫ ਇਕ ਘਟਨਾ ਦਾ ਜ਼ਿਕਰ ਹੈ। ਇਹ ਘਟਨਾ ਦਹਾਕਿਆਂ ਤੋਂ ਧੁਖਦੀ ਅੱਗ ਦਾ ਅਸਮਾਨ ਵਿਚ ਦਿਸਿਆ ਭਾਂਬੜ ਹੈ। ਅੱਗ ਨੇ ਕੀ ਕੁਝ ਫੂਕਿਆ ਹੈ, ਇਸ ਦੀ ਨਿਸ਼ਾਨਦੇਹੀ ਨਹੀਂ। ਮਨੀਪੁਰ ਜਲ ਰਿਹਾ ਹੈ ਅਤੇ ਡਬਲ ਇੰਜਨ ਸਰਕਾਰ ਬਸ ਏਨਾ ਹੀ ਕਰੇਗੀ ਕਿ ਬਹੁਗਿਣਤੀ ਫਿਰਕੇ ਦੀ ਪੁਸ਼ਤਪਨਾਹੀ ਕਰਨ ਲਈ ਇਸ ਸਾਰੇ ਸਿਲਸਿਲੇਵਾਰ ਘਟਨਾਕ੍ਰਮ ਨੂੰ ਕੁਝ ਕੁ ਰੇਪਿਸਟਾਂ ਦੁਆਰਾ ਕੀਤਾ ਗਿਆ ਕਾਰਾ ਦੱਸ ਕੇ ਇਹਨਾਂ ਨੂੰ ਗ੍ਰਿਫਤਾਰ ਕਰੇਗੀ... ਆਪਣੇ ਗੁਪਤ ਏਜੰਡਿਆਂ ਦੇ ਤਹਿਤ ਇਹਨਾਂ ਰੇਪਿਸਟਾਂ ਨੂੰ ਅੰਦਰਖਾਤੇ 'ਸੰਗਜੂਆਂ' ਦਾ ਦਰਜਾ ਦੇਵੇਗੀ...ਇਹਨਾਂ ਦੇ ਪਰਵਾਰਾਂ ਨੂੰ ਨਿਆਮਤਾਂ ਨਾਲ ਨਿਵਾਜ਼ੇਗੀ...ਤੇ ਇੰਤਜ਼ਾਰ ਕਰਿਓ ਕਿ ਬਿਲਕਿਸ ਬਾਨੋ ਦੇ ਕੇਸ ਵਾਂਗ ਕਿਸੇ 15 ਅਗਸਤ ਜਾਂ 26 ਜਨਵਰੀ ਦੇ ਰਾਸ਼ਟਰੀ ਤਿਉਹਾਰ ਦੇ ਮੌਕੇ ਕੈਦੀਆਂ ਦੀ ਸਜ਼ਾ ਮੁਆਫ ਕਰਨ ਦੇ ਬਹਾਨੇ ਇਹਨਾਂ ਨੂੰ ਛੱਡ ਦਿੱਤਾ ਜਾਵੇਗਾ ਅਤੇ ਕੋਈ ਸੱਤਾ ਦਾ ਕਰਿੰਦਾ ਉਸ ਦੇ ਗਲ ਵਿਚ ਹਾਰ ਪਾ ਕੇ ਉਸ ਦਾ ਸੁਆਗਤ ਕਰ ਰਿਹਾ ਹੋਵੇਗਾ। ਅਮੰਤਾ ਦੇਵ ਦੀ ਹਿੰਦੀ ਕਵਿਤਾ 'ਦੋ ਨਗਨ ਇਸਤਰੀਆਂ' ਇਸੇ ਸੱਚ ਦੀ ਤਰਜਮਾਨੀ ਕਰਦੀ ਹੈ :

ਇਹ ਸਰੀਰ ਓਸੇ ਤਰ੍ਹਾਂ ਦੇ ਹੀ ਸਨ
ਜਿਸ ਤਰ੍ਹਾਂ ਦੇ ਕਰੋੜਾਂ ਭਾਰਤੀ ਇਸਤਰੀਆਂ ਦੇ
ਇਹ ਭੀੜ ਵੀ ਉਸ ਤਰ੍ਹਾਂ ਦੀ ਹੀ ਸੀ
ਜਿਸ ਤਰ੍ਹਾਂ ਬਾਕੀ ਬਚੀ ਆਦਮ ਦੀ ਅਬਾਦੀ
ਇਹ ਉਤੇਜਨਾ ਠੀਕ ਓਸੇ ਤਰ੍ਹਾਂ ਦੀ ਸੀ
ਜਿਸ ਤਰ੍ਹਾਂ ਸ਼ਿਕਾਰ ਨੂੰ ਲਟਕਾ ਕੇ ਲਿਜਾਂਦੇ ਸ਼ਿਕਾਰੀ
ਇਹ ਭਾਸ਼ਣ ਵੀ ਓਸੇ ਤਰ੍ਹਾਂ ਦਾ ਹੀ ਸੀ
ਜਿਸ ਤਰ੍ਹਾਂ ਦਾ ਉੱਨੀ ਸੌ ਚਾਲੀ ਦੇ ਰੇਡੀਓ 'ਤੇ ਆਇਆ ਸੀ

ਅਜਿਹੇ ਅਣਮਨੁੱਖੀ ਕਾਰੇ ਅੱਜ ਨਹੀਂ ਹੋ ਰਹੇ, ਸਗੋਂ ਇਹ ਦਹਾਕਿਆਂ ਦੀ ਬਦਕਿਸਮਤੀ ਹੈ ਕਿ ਇੱਥੇ ਅਜਿਹਾ ਬਹੁਤ ਕੁਝ ਬਹੁਤ ਪਹਿਲਾਂ ਤੋਂ ਹੋ ਰਿਹਾ ਹੈ। ਥੋੜ੍ਹਾ ਪਿਛਾਂਹ ਨੂੰ ਚਲਦੇ ਹਾਂ...ਅੱਜ ਤੋਂ 19 ਸਾਲ ਪਹਿਲਾਂ ਮਨੀਪੁਰ ਦੀਆਂ ਕੁਝ ਮਾਵਾਂ ਤੇ ਦਾਦੀਆਂ ਨੇ ਅਲਫ ਨੰਗੇ ਹੋ ਕੇ ਰੋਸ-ਪ੍ਰਦਰਸ਼ਨ ਕੀਤਾ ਸੀ ਅਤੇ ਮਨੀਪੁਰ ਸਮਾਜ ਦੀਆਂ ਸਾਰੀਆਂ ਰੂੜ੍ਹੀਆਂ ਨੂੰ ਤੋੜਦੇ ਹੋਏ 12 ਔਰਤਾਂ ਨੇ ਭਾਰਤੀ ਸੁਰੱਖਿਆ ਫੋਰਸਾਂ ਦੇ ਰੇਪਿਸਟ ਕਿਰਦਾਰ ਨੂੰ ਨੰਗਾ ਕੀਤਾ ਸੀ। ਕਿਹਾ ਜਾਂਦਾ ਹੈ ਕਿ 2004 ਵਿਚ ਅਖੌਤੀ ਕੱਟੜਪੰਥੀਆਂ ਨੂੰ ਸਬਕ ਸਿਖਾਉਣ ਲਈ ਮਨੀਪੁਰ ਵਿਚ ਤੈਨਾਤ ਅਸਾਮ ਰਾਈਫਲਜ਼ ਦੇ ਜਵਾਨਾਂ ਨੇ 11 ਜੁਲਾਈ ਦੀ ਅੱਧੀ ਰਾਤ ਨੂੰ ਮਨੀਪੁਰੀ ਔਰਤ ਮਨੋਰਮਾ ਨੂੰ ਉਸ ਦੇ ਘਰ ਤੋਂ ਚੁੱਕਿਆ। ਉਸ ਨਾਲ ਗੈਂਗਰੇਪ ਹੋਇਆ ਅਤੇ ਉਸ ਤੋਂ ਬਾਅਦ ਉਸ ਦਾ ਕਤਲ ਕਰ ਦਿੱਤਾ ਗਿਆ। ਉਸ ਤੋਂ ਕੁਝ ਘੰਟਿਆਂ ਬਾਅਦ ਇਕ ਸੜਕ ਦੇ